# ECHO OF HIS CALL

# ਬੁਲਾਵੇ ਦੀ ਗੂੰਜ

PUNJABI

₹ 10/-

*India's National Spiritual Newspaper*

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

**Editor : S. SAM SELVA RAJ** **16 Languages** **Associate Editor : Bro. Vishwas Masih**

VOL. XXI YEAR OF OUR LORD JESUS CHRIST, FEBRUARY 2021 NO. 10

ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 37:1-10

1. ਬੁਰਿਆਂ ਦੇ ਕਾਰਨ ਨਾ ਕੁੜ੍ਹ, ਕੁਕਰਮੀਆਂ ਵੱਲੋਂ ਨਾ ਸੜ।
2. ਉਹ ਤਾਂ ਘਾਹ ਵਾਂਙੁ ਛੇਤੀ ਕੁਮਲਾ ਜਾਣਗੇ, ਅਤੇ ਸਾਹ ਪਤ ਵਾਂਙੁ ਮੁਰਝਾ ਜਾਣਗੇ।
3. ਯਹੋਵਾਹ ਉੱਤੇ ਭਰੋਸਾ ਰੱਖ ਅਤੇ ਭਲਿਆਈ ਕਰ, ਦੇਸ਼ ਵਿੱਚ ਵੱਸ ਅਤੇ ਸੱਚਿਆਈ ਉੱਤੇ ਪਲ।
4. ਤੂੰ ਯਹੋਵਾਹ ਉੱਤੇ ਨਿਹਾਲ ਰਹੁ ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਾ ਕਰੇਗਾ।
5. ਆਪਣਾ ਰਾਹ ਯਹੋਵਾਹ ਦੇ ਗੋਚਰਾ ਕਰ, ਅਤੇ ਉਸ ਉੱਤੇ ਭਰੋਸਾ ਰੱਖ ਅਤੇ ਉਹ ਪੂਰਾ ਕਰੇਗਾ।
6. ਉਹ ਤੇਰੇ ਧਰਮ ਨੂੰ ਚਾਨਣ ਵਾਂਙੁ ਅਤੇ ਤੇਰੇ ਨਿਆਂ ਨੂੰ ਦੁਪਹਿਰ ਵਾਂਙੁ ਪ੍ਰਕਾਸ਼ਤ ਕਰੇਗਾ।
7. ਯਹੋਵਾਹ ਦੇ ਅੱਗੇ ਚੁੱਪ ਚਾਪ ਰਹੁ ਅਤੇ ਧੀਰਜ ਨਾਲ ਉਹ ਦੀ ਉਡੀਕ ਕਰ, ਉਸ ਮਨੁੱਖ ਦੇ ਕਾਰਨ ਨਾ ਕੁੜ੍ਹ ਜਿਹ ਦਾ ਰਾਹ ਸਫ਼ਲ ਹੁੰਦਾ ਹੈ, ਅਤੇ ਜਿਹੜਾ ਜੁਗਤਾਂ ਨੂੰ ਪੂਰਾ ਕਰਾਉਂਦਾ ਹੈ।
8. ਕ੍ਰੋਧ ਨੂੰ ਛੱਡ ਅਤੇ ਕੋਪ ਨੂੰ ਤਿਆਗ ਦੇ, ਨਾ ਕੁੜ੍ਹ- ਉਸਤੋਂ ਬੁਰਾਈ ਹੀ ਨਿਕਲਦੀ ਹੈ।
9. ਕੁਕਰਮੀ ਤਾਂ ਛੇਕੇ ਜਾਣਗੇ, ਪਰ ਜਿਹੜੇ ਯਹੋਵਾਹ ਨੂੰ ਉਡੀਕਦੇ ਹਨ ਓਹੋ ਧਰਤੀ ਦੇ ਵਾਰਸ ਹੋਣਗੇ।
10. ਹੁਣ ਥੋੜਾ ਹੀ ਚਿਰ ਰਹਿੰਦਾ ਹੈ ਭਈ ਦੁਸ਼ਟ ਨਹੀਂ ਹੋਵੇਗਾ, ਤੂੰ ਉਸਦੂ ਠੌਰ ਨੂੰ ਗੌਹ ਨਾਲ ਵੇਖੇਂਗਾ ਪਰ ਉਹ ਕਿਤੇ ਨਾ ਹੋਵਗਾ।

## The Inheritance of God's Children!
## ਪ੍ਰਮੇਸ਼ਵਰ ਦੀ ਸੰਤਾਨ ਦੀ ਮਿਰਾਸ!

(ਪਾਸਟਰ ਐੱਸ. ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼)

"ਹੇ ਯਾਕੂਬ, ਉਹ ਜੋ ਤੇਰਾ ਕਰਤਾਰ ਹੈ; ਹੇ ਇਸਰਾਏਲ, ਉਹ ਜੋ ਤੇਰਾ ਸਿਰਜਨਹਾਰ ਹੈ; ਯਹੋਵਾਹ ਹੁਣ ਇਉਂ ਆਖਦਾ ਹੈ, ਨਾ ਡਰ ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ; ਮੈਂ ਤੇਰਾ ਨਾਂ ਲੈ ਕੇ ਤੈਨੂੰ ਬੁਲਾਇਆ ਜੋ ਹੈ, ਤੂੰ ਮੇਰਾ ਹੈਂ" (ਯਸਾਯਾਹ 43:1)।

ਅਸੀਂ ਇੱਥੇ ਪ੍ਰਮੇਸ਼ਵਰ ਦੇ ਅਦਭੁੱਤ ਵਾਅਦੇ ਨੂੰ ਵੇਖਦੇ ਹਾਂ। ਇਹ ਸੰਸਾਰ ਦੇ ਸਭ ਲੋਕਾਂ ਲਈ ਨਹੀਂ ਹੈ। ਬਾਈਬਲ ਵਿੱਚ ਪ੍ਰਮੇਸ਼ਵਰ ਦੇ ਸਭ ਵਾਅਦੇ ਉਸਦੀ ਸੰਤਾਨ ਲਈ ਹਨ। ਸਪੱਸ਼ਟ ਰੂਪ ਵਿੱਚ ਆਖੀਏ ਤਾਂ ਇਹ ਵਾਅਦੇ ਉਨ੍ਹਾਂ ਲਈ ਹਨ ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਆਪਣਾ ਮੁਕਤੀਦਾਤਾ ਕਬੂਲ ਕੀਤਾ ਹੈ ਅਰ ਉਸਦੇ ਹੁਕਮਾਂ ਅਨੁਸਾਰ ਪਵਿੱਤਰ ਜੀਵਨ ਜੀਂਦੇ ਹਨ; ਅਤੇ ਜਿਹੜੇ ਮਨ ਦੇ ਨਵੇਂ ਹੋ ਜਾਣ ਕਾਰਨ ਰੁਪਾਂਤ੍ਰਿਤ ਹੋ ਚੁੱਕੇ ਹਨ (ਰੋਮੀਆਂ 12:2)।

ਇਸ ਲਈ ਕਿ ਕੋਈ ਸਮਾਜ ਵਿੱਚ ਨਾਮਵਰ ਵਿਅਕਤੀ ਹੈ ਜਾਂ ਰਾਜ ਨੇਤਾ ਹੈ ਇਹ ਬਰਕਤਾਂ ਉਸਨੂੰ ਨਹੀਂ ਮਿਲਦੀਆਂ। ਜਿਵੇਂ ਕਿ ਪਹਿਲਾਂ ਆਖਿਆ ਗਿਆ ਹੈ ਇਹ ਬਰਕਤਾਂ ਉਨ੍ਹਾਂ ਨੂੰ ਮਿਲਦੀਆਂ ਹਨ ਜਿਹੜੇ ਬੁੱਧ ਦੇ ਨਵੇਂ ਹੋਣ ਕਰਕੇ ਬਦਲ ਚੁੱਕੇ ਹਨ। ਇਨ੍ਹਾਂ ਲੋਕਾਂ ਦੇ ਹਿਰਦੇ ਸਾਫ਼, ਹਰ ਬੁਰੇ ਵਿਚਾਰ ਤੋਂ ਮੁਕਤ ਹੁੰਦੇ ਹਨ ਅਰ ਸ਼ੁੱਧ ਸੋਚ ਹੁੰਦੀ ਹੈ। ਮਨ ਨਵਾਂ ਕਰਨ ਲਈ ਯਿਸੂ ਤੋਂ ਬਗੈਰ ਹੋਰ ਕੋਈ ਰਾਹ ਨਹੀਂ ਹੈ।ਪ੍ਰਭੂ ਯਿਸੂ ਅਚੰਭੇ ਰੂਪ ਵਿੱਚ ਇੱਕ ਮਨੁੱਖ ਨੂੰ ਬਦਲਦੇ ਹਨ। ਸੰਸਾਰ ਦੀ ਕੋਈ ਵੀ ਵਸਤੂ ਜਾਂ ਧਨ, ਪ੍ਰਸਿੱਧੀ ਜਾਂ ਸੰਸਾਰ ਦੀ ਕੋਈ ਵੀ ਤਾਕਤ ਉਹ ਬਦਲਾਅ ਮਨੁੱਖ ਅੰਦਰ ਨਹੀਂ ਲਿਆ ਸਕਦੀ। ਯਿਸੂ ਉੱਤੇ ਨਿਹਚਾ ਕਰੋ ਅਤੇ ਬਦਲ ਜਾਓ! ਤੁਹਾਨੂੰ ਵੇਖਣ ਵਾਲੇ ਤੁਹਾਡੇ ਉੱਤੇ ਭਰੋਸਾ ਕਰਨ! ਤੁਹਾਨੂੰ ਵੇਖਣ ਵਾਲੇ ਤੁਹਾਡੇ ਨਾਲ ਪਿਆਰ ਕਰਨ!

ਮੇਰੇ ਪਾਸਟਰ ਜੀ. ਸੁੰਦਰਾਮ ਨੇ ਇੱਕ ਵਾਰ ਇੱਕ ਘਟਨਾ ਬਾਰੇ ਦੱਸਿਆ। ਇੱਕ ਪਰਿਵਾਰ ਵਿੱਚ ਇੱਕ ਪੁੱਤਰ ਆਪਣੇ ਬੁਰੇ ਦੋਸਤਾਂ ਦੇ ਪ੍ਰਭਾਵ ਹੇਠ ਆ ਕੇ ਆਪਣੇ ਮਾਤਾ ਪਿਤਾ ਨੂੰ ਛੱਡ ਕੇ ਜਾ ਰਿਹਾ ਸੀ। ਭਾਵੇਂ ਮਾਤਾ ਪਿਤਾ ਨੇ ਉਸਨੂੰ ਬਹੁਤ ਸਮਝਾਇਆ ਪਰ ਉਸਨੇ ਨਾ ਸੁਣੀ। ਉਸਦੀ ਮਾਂ ਨੇ ਵੀ ਉਸਦੀਆਂ ਮਿੰਨਤਾਂ ਕੀਤੀਆਂ ਪਰੰਤੂ ਉਸਨੇ ਉਸਦੀ ਗੱਲ ਵੀ ਨਾ ਮੰਨੀ। ਅਖੀਰ ਉਸਦੀ ਮਾਂ ਨੇ ਉਸਨੂੰ ਕਿਹਾ, "ਬੇਟਾ, ਮੈਨੂੰ ਤੁਹਾਡੀ ਕਮੀਜ਼ ਉੱਪਰ ਕੁਝ ਸ਼ਬਦ ਸਿਲਾਈ ਕਰਕੇ ਲਿਖ ਲੈਣ ਦਿਓ; ਉਸ ਕਮੀਜ਼ ਨੂੰ ਹਰ ਹਾਲਾਤ ਵਿੱਚ ਸਦਾ ਪਹਿਨ ਕੇ ਰੱਖਣਾ। ਉਸਨੇ ਲਿਖਿਆ, "ਮੈਂ ਸ਼ਾਹੀ ਘਰਾਣੇ ਵਿੱਚੋਂ ਹਾਂ"। ਉਸਨੇ ਉਸ ਕਮੀਜ਼ ਨੂੰ ਪਹਿਨ ਲਿਆ। ਜਿਵੇਂ ਅਸੀਂ ਬਾਈਬਲ ਵਿੱਚ ਉਜਾੜੂ ਪੁੱਤਰ ਬਾਰੇ ਪੜ੍ਹਦੇ ਹਾਂ ਉਵੇਂ ਹੀ ਇਸ ਪੁੱਤਰ ਨੇ ਵੀ ਸਾਰੀ ਸੰਪਤੀ ਅਰ ਆਪਣੀ ਸੇਹਤ ਵੀ ਉਜਾੜ ਲਈ ਅਰ ਮਰਨ ਕੰਢੇ ਪਹੁੰਚ ਗਿਆ। ਉਸੇ ਵੇਲੇ ਉਸਦੀ ਕਮੀਜ਼ ਉੱਪਰ ਲਿਖੇ ਸ਼ਬਦ ਉਸ ਨਾਲ ਗੱਲ ਕਰਨ ਲੱਗੇ। ਉਨ੍ਹਾਂ ਸ਼ਬਦਾਂ ਨੇ ਕਿ, "ਮੈਂ ਸ਼ਾਹੀ ਘਰਾਣੇ ਵਿੱਚੋਂ ਹਾਂ" ਉਸ ਉੱਤੇ ਡਾਢਾ

(ਚਲਦਾ ਸਫਾ 2 ਤੇ)

# ECHO OF HIS CALL

**2019 - GOLDEN JUBILEE YEAR**

**OUR MISSION POLICY**

We should expound and teach the contemporary generation the undiluted teachings of the ancient and early Apostles. It is the need of the hour.





*from Editors...*

> "ਯੁੱਧ ਦੇ ਦਿਨ ਲਈ ਘੋੜਾ ਤਿਆਰ ਰਹਿੰਦਾ ਹੈ, ਪਰ ਜਿੱਤ ਯਹੋਵਾਹ ਦੀ ਵੱਲੋਂ ਹੁੰਦੀ ਹੈ" (ਕਹਾਉਤਾਂ 21:31)।

ਪ੍ਰਭੂ ਵਿੱਚ ਪਿਆਰੇ ਦੋਸਤ,

ਸਾਡੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਸਰਵਉੱਚ ਨਾਂ ਵਿੱਚ ਤੁਹਾਨੂੰ ਸ਼ੁੱਭ ਇੱਛਾਵਾਂ।

ਤੁਹਾਡਾ ਕੀ ਹਾਲ ਹੈ? ਜਦੋਂ ਅਸੀਂ ਤੁਹਾਡੇ ਬਾਰੇ ਸੋਚਦੇ ਹਾਂ ਤਾਂ ਅਨੰਦ ਨਾਲ ਭਰ ਜਾਂਦੇ ਹਾਂ ਕਿ ਕਿਵੇਂ ਪ੍ਰਮੇਸ਼ਵਰ ਨੇ ਸਾਨੂੰ ਸਵਰਗੀ ਪਿਆਰ ਵਿੱਚ ਜੋੜਿਆ ਹੈ। ਹਾਂ, ਸਾਡਾ ਰਿਸ਼ਤਾ ਸੰਸਾਰਕ ਨਹੀਂ ਬਲਕਿ ਅਨੰਤਤਾ ਦਾ ਹੈ। ਤੁਸੀਂ ਇਹ ਸੁਣਕੇ ਹੈਰਾਨ ਹੋਵੋਗੇ ਕਿ ਅਸੀਂ ਕਦੇ ਵੀ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਚੇਤੇ ਕਰਨਾ ਨਹੀਂ ਭੁੱਲਦੇ।ਪ੍ਰਮੇਸ਼ਵਰ ਤੁਹਾਨੂੰ ਸੰਭਾਲੇਗਾ ਅਤੇ ਜੀਵਨ ਦੇ ਹਰੇਕ ਹਿੱਸੇ ਵਿੱਚ ਤੁਹਾਨੂੰ ਬਰਕਤ ਦੇਵੇਗਾ। ਉਹ ਤੁਹਾਡੇ, ਤੁਹਾਡੇ ਪਿਆਰਿਆਂ ਅਤੇ ਤੁਹਾਡੀ ਹਰ ਸ਼ੈਅ ਦੇ ਦੁਆਲੇ ਆਪਣਾ ਵਾੜਾ ਲਗਾਵੇਗਾ। ਪ੍ਰਭੂ ਪ੍ਰਮੇਸ਼ਵਰ ਤੁਹਾਨੂੰ ਕਦੇ ਵੀ ਭੁੱਲੇਗਾ ਅਰ ਤਿਆਗੇਗਾ ਨਹੀਂ। ਸਾਡਾ ਪ੍ਰਮੇਸ਼ਵਰ ਪ੍ਰਭੂ ਯਿਸੂ ਮਸੀਹ ਆਖਦਾ ਹੈ, "ਮੈਨ ਤੁਹਾਡੇ ਨਾਲ ਆਪਣਾ ਨੇਮ ਪੂਰਾ ਕਰਾਂਗਾ ਤਦ ਤੁਸੀਂ ਜਾਣੋਗੇ ਕਿ ਮੈਂ ਹੀ ਪ੍ਰਮੇਸ਼ਵਰ ਹਾਂ" (ਹਿਜ਼ਕੀਏਲ 16:62)।

ਸਾਨੂੰ ਸੰਸਾਰ ਭਰ ਦੇ ਲੋਕਾਂ ਵੱਲੋਂ ਪਿਛਲੇ ਸਮੇਂ ਵਿੱਚ ਹੋਏ ਨੁਕਸਾਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਪਰੰਤੂ ਸਾਡਾ ਪ੍ਰਮੇਸ਼ਵਰ ਸਾਨੂੰ ਇਸ ਮਹਾਂਮਾਰੀ ਦੇ ਸਮੇਂ ਵਿੱਚ ਵੀ ਸੰਭਾਲ ਕੇ ਰੱਖ ਰਿਹਾ ਹੈ। ਇਸ ਲਈ ਸਾਨੂੰ ਉਸਦਾ ਧੰਨਵਾਦ ਕਰਨਾ ਚਾਹੀਦਾ ਹੈ।

ਆਪਣੀ ਸੇਵਕਾਈ ਵਿੱਚ ਕਲੀਸਿਆਵਾਂ, ਵਿਸ਼ਵਾਸੀਆਂ, ਬੁਲਾਵੇ ਦੀ ਗੂੰਜ ਪ੍ਰਕਾਸ਼ਨਾਂ, ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ, ਨਹਮਯਾਹ ਬਾਈਬਲ ਕਾਲਜਾਂ, ਬਾਈਬਲਕੋਰ-ਪੋਸਟਲ ਕੋਰਸਾਂ, ਪ੍ਰਬੰਧਕੀ ਕੰਮਾਂ, ਵਿੱਤ ਆਦਿ ਦਾ ਧਿਆਨ ਰੱਖਦੇ ਹੋਏ ਅਸੀਂ ਬਹੁਤ ਹੀ ਰੁੱਝੇ ਹੋਏ ਹਾਂ। ਭਾਵੇਂ ਹਾਲਾਤ ਬਿਆਨ ਤੋਂ ਬਾਹਰ ਕਰਾਬ ਹਨ ਪਰੰਤੂ ਅਸੀਂ ਪ੍ਰਮੇਸ਼ਵਰ ਦੇ ਹੱਥ ਨੂੰ ਹਰ ਦਿਨ ਦੇ ਕੰਮਾਂ ਵਿੱਚ ਚੇਖ ਰਹੇ ਹਾਂ। ਅਸੀਂ ਵੇਖਦੇ ਹਾਂ ਕਿ ਮਹਾਂਮਾਰੀ ਦੇ ਡਰ ਨੇ ਸੰਸਾਰ ਭਰ ਦੇ ਆਮ ਲੋਕਾਂ ਦੀ ਸੋਚ ਨੂੰ ਬਹੁਤ ਭੈਭੀਤ ਕੀਤਾ ਹੈ। ਆਰਥਿਕ ਤੌਰ ਤੇ ਅਸੀਂ ਵੀ ਬੜੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਾਂ। ਪਰੰਤੂ ਸਭ ਤੋਂ ਵਧ ਕੇ ਸਾਡੇ ਕੋਲ ਸਾਡੇ ਪ੍ਰਭੂ ਦਾ ਅਟੱਲ ਵਾਅਦਾ ਹੈ ਕਿ, "...ਜਿਹੜੇ ਪ੍ਰਮੇਸ਼ਵਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਅਰਥਾਤ ਉਨ੍ਹਾਂ ਦਾ ਜਿਹੜੇ ਪ੍ਰਮੇਸ਼ਵਰ ਦੀ ਮਨਸ਼ਾ ਅਨੁਸਾਰ ਸੱਦੇ ਹੋਏ ਹਨ" (ਰੋਮੀਆਂ 8:28)।

ਜੇਕਰ ਤੁਸੀਂ ਵੀ ਕਿਸੇ ਤਕਲੀਫ਼ ਵਿੱਚੋਂ ਹੋ ਕੇ ਲੰਘ ਰਹੇ ਹੋ ਤਾਂ ਜਾਣ ਲਓ ਕਿ ਸਾਡਾ ਪ੍ਰਭੂ ਯਿਸੂ ਮਸੀਹ ਹਰ ਹਾਲਾਤ ਵਿੱਚ ਤੁਹਾਡੇ ਨਾਲ ਹੈ।

ਸਾਡੀਆਂ ਚਰਚ ਗਤੀਵਿਧੀਆਂ ਅਰ ਦੂਸਰੇ ਸਾਰੇ ਕੰਮ ਬਹੁਤ ਵਧੀਆ ਚੱਲ ਰਹੇ ਹਨ। ਤੁਹਾਡੀਆਂ ਦੁਆਵਾਂ ਅਤੇ ਮਦਦ ਲਈ ਧੰਨਵਾਦ। ਪ੍ਰਮੇਸ਼ਵਰ ਤੁਹਾਨੂੰ ਅਸੀਸ ਦੇਵੇ!

ਤੁਹਾਡੇ ਸੇਵਕ,
ਪਾ: ਸੈਮ ਅਤੇ ਸੈਮਸਨ।

---

(ਸਫਾ 1 ਤੋਂ ਚੱਲਦਾ)

ਅਸਰ ਕੀਤਾ। ਉਸਨੂੰ ਖਿਆਲ ਆਇਆ ਕਿ ਉਹ ਕਿਉਂ ਅਜਿਹਾ ਘਟੀਆ ਜੀਵਨ ਜੀਅ ਰਿਹਾ ਹੈ। ਅਖੀਰ ਉਹ ਆਪਣੇ ਮਾਤਾ ਪਿਤਾ ਵੱਲ ਚੱਲ ਪਿਆ। ਮਾਤਾ ਪਿਤਾ ਨੇ ਉਸਦਾ ਨਿੱਘਾ ਸਵਾਗਤ ਕੀਤਾ ਅਰ ਉਸਨੂੰ ਪਰਿਵਾਰ ਵਿੱਚ ਸ਼ਾਮਿਲ ਕਰ ਲਿਆ।

ਜਦੋਂ ਅਜ਼ਰਾ ਬਾਬਲ ਤੋਂ ਯਰੂਸ਼ਲਮ ਆਇਆ ਤਾਂ ਉਸਨੇ ਇਸਰਾਏਲੀਆਂ ਦੀ ਦੁਰਦਸ਼ਾ ਵੇਖੀ।

**CHIEF EDITORS**
Pastor S. Sam Selva Raj
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th.,M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.

**Hd. Qrs. CO-ORDINATORS**
Bro. John Rodrigues
Sis. E. Daisy Rani

**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L

**PUBLISHER & PRINTER**
Pastor S. SAM SELVA RAJ
**Echo of His Call Printers**
10, Mohammed Abdullah 2nd Street
Chepauk, Chennai- 600 005, India.

**Phone :** (+ 91- 44) 2852 8282, 2852 9293, 2854 7766
**Cell :** (+91) 98410 71852, 95661 31858
**E-mail :** sam@echoofhiscall.org
biblecor@yahoo.co.in

**Websites :**
www.echoofhiscall.org
www.echoofhiscall.com

**Our Ministries:** ECHO OF HIS CALL Monthly Magazines (16 languages) • BIBLECOR - Postal Courses (3 languages) • Theological Correspondence Courses (2 languages) • Church Planting • Nehemiah Bible Colleges • Gospel Printing Press • Great Commission Partners • St. Paul's Matriculation School • Crusades • Community Development

ਉਸਨੇ ਵੇਖਿਆ ਕਿ 'ਪਵਿੱਤਰ ਬੀਜ' ਸੰਸਾਰ ਦੇ ਲੋਕਾਂ ਨਾਲ ਰਲ-ਮਿਲ ਗਿਆ ਸੀ (ਅਜ਼ਰਾ 9:2)।

ਪ੍ਰਮੇਸ਼ਵਰ ਦੇ ਪਿਆਰੇ ਬੱਚਿਓ, ਤੁਸੀਂ ਵੀ ਸ਼ਾਇਦ ਇਹ ਭੁੱਲ ਕੇ ਕਿ ਤੁਸੀਂ ਵੀ ਸਵਰਗੀ ਪਿਤਾ ਦੀ ਸੰਤਾਨ ਹੋ ਇੱਕ ਅਪਵਿੱਤਰ ਜੀਵਨ ਬਿਤਾ ਰਹੇ ਹੋ। ਲੁਕ-ਛਿਪ ਕੇ ਤੁਸੀਂ ਵੀ ਪਾਪ ਕਰ ਰਹੇ ਹੋ। ਤੁਸੀਂ ਅੱਜ ਇਸ ਕਲੀਸਿਆ ਵਿੱਚ ਕਿਉਂ ਹੋ? ਪ੍ਰਮੇਸ਼ਵਰ ਆਖਦਾ ਹੈ, "ਜਦੋਂ ਤੂੰ ਮਾਂ ਦੇ ਗਰਭ ਵਿੱਚ ਹੀ ਉਦੋਂ ਵੀ ਮੈਂ ਤੈਨੂੰ ਜਾਣਦਾ ਸੀ ਅਤੇ ਇਹ ਵੀ ਕਿ ਤੂੰ ਇਸੇ ਚਰਚ ਵਿੱਚ ਆਵੇਂਗਾ"।

ਹਾਂ ਪਿਆਰਿਓ, ਸੰਸਾਰ ਦੀ ਉਤਪਤੀ ਤੋਂ ਪਹਿਲਾਂ ਹੀ ਉਸਨੇਂ ਤੁਹਾਨੂੰ ਚੁਣਿਆ। ਇਸ ਲਈ ਆਪਣੇ ਆਪ ਨੂੰ ਕਮਜ਼ੋਰ ਨਾ ਸਮਝੋ। ਤੁਸੀਂ ਖਾਸ ਹੋ! ਦਾਊਦ ਵਾਂਗ ਤੁਸੀਂ ਵੀ ਪ੍ਰਮੇਸ਼ਵਰ ਨੂੰ ਆਖ ਸਕਦੇ ਹੋ, "ਤੂੰ ਮੇਰਾ ਭਾਗ ਹੈਂ" (ਜ਼ਬੂਰ 119:57)। ਪ੍ਰਮੇਸ਼ਵਰ ਵੀ ਤੁਹਾਨੂੰ ਵੇਖ ਕੇ ਆਖਦਾ ਹੈ, "ਤੂੰ ਮੇਰਾ ਹੈਂ"। ਸੰਸਾਰ ਤੁਹਾਡੇ ਨਾਲ ਦੁਰਵਿਹਾਰ ਕਰ ਸਕਦਾ ਹੈ; ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।ਪਰੰਤੂ ਤੁਹਾਨੂੰ ਬੁਲਾਉਣ ਵਾਲਾ ਪ੍ਰਮੇਸ਼ਵਰ ਵਫ਼ਾਦਾਰ ਹੈ। ਉਹ ਭਲਾ ਅਰ ਵਿਸ਼ਵਾਸਯੋਗ ਪ੍ਰਮੇਸ਼ਵਰ ਹੈ!

ਤੁਸੀਂ ਇਸ ਸੰਸਾਰ ਨੂੰ ਬਣਾਉਣ ਵਾਲੇ ਪ੍ਰਮੇਸ਼ਵਰ ਦੁਆਰਾ ਬੁਲਾਏ ਗਏ ਹੋ। ਤੁਹਾਡਾ ਨਾਮ ਭਾਵੇਂ ਤੁਹਾਡੇ ਮਾਪਿਆਂ ਨੇ ਰੱਖਿਆ ਹੋਵੇਗਾ।ਪਰੰਤੂ ਇਹ ਨਾਮ ਤੁਹਾਨੂੰ ਬੁਲਾਉਣ ਵਾਲੇ ਪ੍ਰਮੇਸ਼ਵਰ ਨੇ ਉਸ ਵੇਲੇ ਰੱਖਿਆ ਜਦੋਂ ਤੁਸੀਂ ਮਾਂ ਦੇ ਗਰਭ ਵਿੱਚ ਹੀ ਸੀ। ਇੱਕ ਵਾਰ ਮੈਂ ਆਪਣੀ ਮਾਂ ਨੂੰ ਪੁੱਛਿਆ, "ਤੁਸੀਂ ਮੇਰਾ ਨਾਮ ਸੈਮ ਸੇਲਵਾ ਰਾਜ ਕਿਉਂ ਰੱਖਿਆ?" ਉਨ੍ਹਾਂ ਆਖਿਆ ਕਿਉਂਕਿ ਤੂੰ ਪਰਿਵਾਰ ਦਾ ਖ਼ਜ਼ਾਨਾ ਹੈਂ!

ਹਾਂ, ਸਮੂਏਲ ਇੱਕ ਮਹਾਨ ਨਬੀ ਸੀ। 'ਸੇਲਵਾ ਰਾਜ' ਦਾ ਅਰਥ ਹੈ 'ਸਭ ਖ਼ਜ਼ਾਨਿਆਂ ਦਾ ਰਾਜਾ'। ਮੈਂ ਬਹੁਤ ਖੁਸ਼ ਹਾਂ ਕਿ ਉਨ੍ਹਾਂ ਨੇ ਮੈਨੂੰ ਇਨਾਂ ਵਧੀਆ ਨਾਮ ਦਿੱਤਾ। ਇੱਕ ਬਜ਼ੁਰਗ ਪ੍ਰਚਾਰਕ ਨੇ ਆਖਿਆ, "ਸਾਡੇ ਪ੍ਰਭੂ ਨੇ ਸਾਡਾ ਨਾਮ ਉਸ ਵੇਲੇ ਰੱਖਿਆ ਜਦੋਂ ਅਸੀ ਮਾਂ ਦੀ ਕੁੱਖ ਵਿੱਚ ਹੀ ਸੀ"। ਇਸ ਲਈ ਮੈਂ ਸਮਝਦਾ ਹਾਂ ਕਿ ਮੇਰੇ ਪ੍ਰਮੇਸ਼ਵਰ ਨੇ ਹੀ ਮੇਰਾ ਨਾਮ ਰੱਖਿਆ ਸੀ, 'ਸੈਮ ਸੇਲਵਾ ਰਾਜ'।ਉਸੇ ਪ੍ਰਮੇਸ਼ਵਰ ਨੇ ਹੀ ਤੁਹਾਡਾ ਨਾਮ ਵੀ ਰੱਖਿਆ ਹੈ।

ਪ੍ਰਮੇਸ਼ਵਰ ਦਾ ਦੂਤ ਯੂਸਫ਼ ਕੋਲ ਆ ਕੇ ਬੋਲਿਆ, "ਅਤੇ ਉਹ (ਮਰਿਯਮ) ਇੱਕ ਪੁੱਤਰ ਜਣੇਂਗੀ ਅਤੇ ਤੂੰ ਉਸਦਾ ਨਾਮ ਯਿਸੂ ਰੱਖੀਂ ਕਿਉਂਕਿ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ" (ਮੱਤੀ 1:21)। 'ਯਿਸੂ' ਦਾ ਅਰਥ ਹੈ 'ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ'। ਅਸੀਂ ਲੂਕਾ 1:13 ਵਿੱਚ ਵੀ ਵੇਖਦੇ ਹਾਂ ਕਿ ਸਵਰਗਦੂਤ ਜ਼ਕਰਯਾਹ ਨੂੰ ਆਖਦਾ ਹੈ ਕਿ ਉਹ ਆਪਣੇ ਪੁੱਤਰ ਦਾ ਨਾਮ 'ਯੂਹੰਨਾ' ਰੱਖੇ।

ਇਸ ਕਰਕੇ ਮਾਪਿਓ, ਆਪਣੇ ਬੱਚੇ ਦਾ ਨਾਮ ਰੱਖਣ ਵੇਲੇ ਪ੍ਰਮੇਸ਼ਵਰ ਦੀ ਅਵਾਜ਼ ਸੁਣੋਂ ਅਰ ਜੋ ਉਹ ਆਖੇ ਓਹੀ ਨਾਮ ਰੱਖੋ। ਉਹ ਤੁਹਾਨੇ ਮਨ ਨਾਲ ਗੱਲ ਕਰੇਗਾ। ਤੁਹਾਡੇ ਬੱਚਿਆਂ ਦੇ ਨਾਮ ਸਵਰਗੀ ਕਿਤਾਬ ਵਿੱਚ ਲਿਖੇ ਹੋਏ ਹਨ।

ਇੱਕ ਦਿਨ ਆਵੇਗਾ ਜਦੋਂ ਸਾਡਾ ਪ੍ਰਭੂ ਪ੍ਰਮੇਸ਼ਵਰ ਸਾਡਾ ਨਾਮ ਲੈ ਕੇ ਸਾਨੂੰ ਬੁਲਾਵੇਗਾ। ਹਰੇਕ ਦਾ ਨਾਮ ਪ੍ਰਮੇਸ਼ਵਰ ਦੀ ਕਿਤਾਬ ਵਿੱਚ ਲਿਖਿਆ ਹੋਇਆ ਹੈ। ਤੁਸੀਂ ਖਾਸ ਹੋ! ਪ੍ਰਭੂ ਤੁਹਾਨੂੰ ਆਖਦਾ ਹੈ, "ਜਦੋਂ ਤੂੰ ਪਾਣੀਆਂ ਵਿੱਚੋਂ ਲੰਘੇ, ਮੈਂ ਤੇਰੇ ਨਾਲ ਹੋਵਾਂਗਾ; ਅਤੇ ਨਦੀਆਂ ਤੈਨੂੰ ਡੋਬ ਨਾ ਸਕਣਗੀਆਂ; ਜਦੋਂ ਤੂੰ ਅੱਗ ਵਿੱਚੋਂ ਲੰਘੇਂ, ਉਹ ਤੈਨੂੰ ਨਾ ਸਾੜੇਗੀ ਅਤੇ ਨਾ ਲਾਟ ਤੇਰੇ ਉੱਤੇ ਬਲੇਗੀ" (ਯਸਾਯਾਹ 43:2)। ਹਾਂ, ਤਕਲੀਫ਼ਾਂ, ਮੁਸ਼ਕਲਾਂ ਅਤੇ ਦੁੱਖ ਤੈਨੂੰ ਨੁਕਸਾਨ ਨਹੀਂ ਪੁਚਾਉਣਗੇ। ਤੁਸੀਂ ਸ਼ਾਇਦ ਸੋਚਦੇ ਹੋਵੋਗੇ, "ਮੈਂ ਤਾਂ ਮੁਸ਼ਕਿਲ ਸਮੇਂ ਵਿੱਚ ਰਹਿ ਰਿਹਾ ਹਾਂ ਅਤੇ ਮੈਂ ਇਸ ਭਿਆਨਕ ਬਿਮਾਰੀ ਨਾਲ ਗ੍ਰਸਤ ਹਾਂ" ਪਰੰਤੂ ਤੁਹਾਨੂੰ ਬੁਲਾਉਣ ਵਾਲਾ ਪ੍ਰਮੇਸ਼ਵਰ ਆਖਦਾ ਹੈ, "ਜਦੋਂ ਤੂੰ ਪਾਣੀਆਂ ਵਿੱਚੋਂ ਲੰਘੇਂ, ਮੈਂ ਤੇਰੇ ਨਾਲ ਹੋਵਾਂਗਾ"।

ਸੋਣੋਂ, ਸਭਨਾਂ ਵਾਂਗ ਤੁਹਾਨੂੰ ਵੀ ਪਾਣੀਆਂ ਅਰ ਨਦੀਆਂ ਵਿੱਚੋਂ ਲੰਘਣਾ ਪਵੇਗਾ। ਸ਼ਾਇਦ ਅੱਗ ਵਿੱਚੋਂ ਵੀ ਲੰਘਣਾ ਪਵੇ। ਪਰੰਤੂ ਪ੍ਰਮੇਸ਼ਵਰ ਉਨ੍ਹਾਂ ਦੁਆਰਾ ਤੁਹਾਡਾ ਨੁਕਸਾਨ ਹੋਣ ਨਹੀਂ ਦੇਵੇਗਾ।

ਯਸਾਯਾਹ 43:3 ਵਿੱਚ ਅਸੀਂ ਅੱਗੇ ਪੜ੍ਹਦੇ ਹਾਂ, "ਮੈਂ ਤਾਂ ਯਹੋਵਾਹ ਤੇਰਾ ਪ੍ਰਮੇਸ਼ਵਰ ਹਾਂ, ਇਸਰਾਏਲ ਦਾ ਪਵਿੱਤਰ ਪੁਰਖ, ਤੇਰਾ ਬਚਾਉਣ ਵਾਲਾ; ਮੈਂ ਮਿਸਰ ਨੂੰ ਤੇਰੀ ਚੱਟੀ ਲਈ ਠਹਿਰਾਇਆ ਹੈ, ਕੂਸ਼ ਅਤੇ ਸਬਾ ਤੇਰੇ ਵਟਾਂਦਰੇ ਵਿੱਚ"। ਅਸੀਂ ਪ੍ਰਮੇਸ਼ਵਰ ਦੀ ਸੰਤਾਨ ਹਾਂ ਇਸ ਲਈ ਅਸੀਂ ਗਰੀਬੀ ਵਿੱਚ ਨਹੀਂ ਰਹਾਂਗੇ। ਅਸੀਂ ਕਰਜ਼ਿਆਂ ਵਿੱਚ ਨਹੀਂ ਡੁੱਬਾਂਗੇ। ਅਸੀਂ ਚਰਚ ਕਿਉਂ ਜਾਂਦੇ ਹਾਂ? ਪ੍ਰਮੇਸ਼ਵਰ ਨੂੰ ਭੇਟਾਂ ਦੇਣ ਦਾ, ਰੋਜ਼ਿਆਂ ਅਰ ਪ੍ਰਾਰਥਨਾਵਾਂ ਦਾ ਕੀ ਉਦੇਸ਼ ਹੈ? ਇਹ ਸਭ ਕੁਝ ਤੁਹਾਨੂੰ ਮਸੀਹ ਦੇ ਨਜ਼ਦੀਕ ਲੈ ਕੇ ਜਾਵੇਗਾ। ਧਨ ਅਰ ਅਰਾਮ ਉਨ੍ਹਾਂ ਕੋਲ ਆਉਂਦਾ ਹੈ ਜਿਹੜੇ ਪ੍ਰਮੇਸ਼ਵਰ ਨੂੰ ਪਿਆਰ ਕਰਦੇ ਹਨ। ਅਸੀਂ ਮੱਤੀ 6:33 ਵਿੱਚ ਪੜ੍ਹਦੇ ਹਾਂ, "ਪਹਿਲਾਂ ਤੁਸੀਂ ਉਸਦੇ ਰਾਜ ਅਤੇ ਧਰਮ ਦੀ ਖੋਜ ਕਰੋ ਤਾਂ ਇਹ ਸਭ ਵਸਤਾਂ ਵੀ ਤੁਹਾਨੂੰ ਦਿੱਤੀਆਂ ਜਾਣਗੀਆਂ"।

ਭਾਵੇਂ ਮੇਰੀ ਸ਼ੁਰੂਆਤ ਬਹੁਤ ਸਧਾਰਨ ਸੀ ਪਰੰਤੂ ਪ੍ਰਮੇਸ਼ਵਰ ਨੇ ਅੱਜ ਮੈਨੂੰ ਅਦਭੁੱਤ ਢੰਗ ਨਾਲ ਬਰਕਤ ਦਿੱਤੀ ਹੈ। ਉਸਨੇ ਸਾਨੂੰ ਪਹਿਲਾਂ ਤੋਂ ਹੀ ਨਿਰਧਾਰਤ ਕੀਤਾ ਹੈ, ਸਾਡਾ ਨਾਮ ਲੈ ਕੇ ਬੁਲਾਇਆ ਹੈ ਅਰ ਜੇ ਅਸੀਂ ਉਸ ਨੂੰ ਫੜੀ ਰੱਖੀਏ, ਉਹ ਮਿਸਰ ਅਰ ਸਬਾ ਸਾਡੇ ਵਟਾਂਦਰੇ ਵਿੱਚ ਦੇਵੇਗਾ!

ਅਸੀਂ ਬਹੁਤ ਸਾਰੇ ਲੋਕਾਂ ਦਾ ਦੁੱਖਦਾਈ ਅੰਤ ਵੇਖਿਆ ਹੈ। ਭਾਵੇਂ ਉਹ ਸੰਸਾਰ ਵਿੱਚ ਮਸ਼ਹੂਰ ਅਤੇ ਬਹੁਤ ਧਨੀਂ ਸਨ ਪਰੰਤੂ ਉਨ੍ਹਾਂ ਦਾ ਭਿਆਨਕ ਅੰਤ ਹੋਇਆ ਕਿਉਂਕਿ ਉਹ ਪ੍ਰਮੇਸ਼ਵਰ ਤੋਂ ਬਗੈਰ ਜੀਵਨ ਜੀਏ।ਪ੍ਰਮੇਸ਼ਵਰ ਸਾਨੂੰ ਆਖਦਾ ਹੈ, "ਇਸ ਕਾਰਨ ਕਿ ਤੂੰ ਮੇਰੀ ਨਿਗਾਹ ਵਿੱਚ ਬਹੁਮੁੱਲਾ ਹੈਂ ਅਤੇ ਆਦਰਮਾਨ ਹੈਂ ਅਤੇ ਮੈਂ ਤੈਨੂੰ ਪਿਆਰ ਕੀਤਾ ਹੈ ਮੈਂ ਤੇਰੇ ਬਦਲੇ ਆਦਮੀ ਅਤੇ ਤੇਰੀ ਜਾਨ ਦੇ ਵਟਾਂਦਰੇ ਵਿੱਚ ਉੱਮਤਾਂ ਦਿਆਂਗਾ" (ਯਸਾਯਾਹ 43:3)।

ਪਿਆਰੇ ਭਰਾਵੋ/ਭੈਣੋ ਤੁਸੀ ਕੋਈ ਵੀ ਹੋ ਸਕਦੇ ਹੋ। ਜੀਵਿਤ ਪ੍ਰਮੇਸ਼ਵਰ ਆਖਦਾ ਹੈ, "ਆਪਣੇ ਮੌਜੂਦਾ ਕਠਿਨ ਹਲਾਤਾਂ ਲਈ ਚਿੰਤਾ ਨਾ ਕਰੋ"।ਤੁਸੀਂ ਕਿਸੇ ਪਰੇਸ਼ਾਨੀ ਵਿੱਚ ਜਾਂ

ਬੁਲਾਵੇ ਦੀ ਗੂੰਜ ਸੇਵਕਾਈਆਂ, ਬੁਲਾਵੇ ਦੀ ਗੂੰਜ ਮੈਗਜ਼ੀਨ ਦੇ ਸਬਸਕ੍ਰਿਪਸ਼ਨ ਅਤੇ ਤੁਹਾਡੇ ਜਿਹੇ ਮਿੱਤਰਾਂ ਦੇ ਵੱਲੋਂ ਖੁਸ਼ੀ ਨਾਲ ਭੇਜੇ ਜਾਂਦੇ ਅਨੁਦਾਨਾਂ ਨਾਲ ਚੱਲਦੀਆਂ ਹਨ। ਪ੍ਰਮੇਸ਼ਵਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ (2 ਕੁਰਿੰਥੀਆਂ 9:7)। ਸਭਨਾਂ ਲਈ- ਹਰ ਕੀਮਤ ਤੇ- ਹਰ ਢੰਗ ਨਾਲ- ਕਿਸੇ ਵੀ ਢੰਗ ਨਾਲ (1 ਕੁਰਿੰਥੀਆਂ 9:22)।

-ਸੰਪਾਦਕ

ਕਰਜ਼ੇ ਹੇਠ ਹੋ ਸਕਦੇ ਹੋ, ਜਾਂ ਕਿਸੇ ਦਰਦ ਜਾਂ ਬਿਮਾਰੀ ਦੇ ਜੀਵਨ ਵਿੱਚ ਹੋਵੋਗੇ, ਜਾਂ ਤੁਸੀਂ ਭੁੱਖੇ ਅਰ ਅਨੀਂਦਰੇ ਹੋਵੋਗੇ ਅਰ ਕੱਲ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਸੋਚ ਰਹੇ ਹੋਵੋਗੇ। ਪਰੰਤੂ ਪ੍ਰਮੇਸ਼ਵਰ ਆਖਦਾ ਹੈ ਕਿਉਂਕਿ ਤੂੰ ਮੇਰੀ ਨਿਗਾਹ ਵਿੱਚ ਬਹੁਮੁੱਲਾ ਹੈਂ ਅਤੇ ਆਦਰਮਾਨ ਹੈਂ ਅਤੇ ਮੈਂ ਤੈਨੂੰ ਪਿਆਰ ਕੀਤਾ ਹੈ ਮੈਂ ਤੇਰੇ ਬਦਲੇ ਆਦਮੀ ਅਤੇ ਤੇਰੀ ਜਾਨ ਦੇ ਵਟਾਂਦਰੇ ਵਿੱਚ ਉੱਮਤਾਂ ਦਿਆਂਗਾ" ਪ੍ਰਮੇਸ਼ਵਰ ਦੇ ਪਿਆਰੇ ਬੱਚਿਓ ਸੰਸਾਰ ਭਾਵੇਂ ਤੁਹਾਨੂੰ ਕਰਜਾਈ, ਬਿਮਾਰ, ਗਰੀਬ ਜਾਂ ਅਨਪੜ੍ਹ ਸਮਝਦਾ ਹੋਵੇ, ਪਰੰਤੂ ਪ੍ਰਮੇਸ਼ਵਰ ਤੁਹਾਨੂੰ ਆਖਦਾ ਹੈ, "ਕਿਉਂਕਿ ਤੂੰ ਮੇਰੀ ਨਜ਼ਰ ਵਿੱਚ ਬਹੁਮੁੱਲਾ ਹੈਂ ਮੈਂ ਤੈਨੂੰ ਆਦਰ ਮਾਨ ਦਿੱਤਾ ਹੈ"

ਬਸ ਕੰਡਕਟਰ ਨੂੰ ਭਾਵੇਂ ਤੁਸੀਂ ਇੱਕ ਸਧਾਰਨ ਮਨੁੱਖ ਹੀ ਲਗਦੇ ਹੋਵੋਗੇ! ਤੁਹਾਡਾ ਡਾਕਟਰ ਭਾਵੇਂ ਤੁਹਾਨੂੰ ਇੱਕ ਮਰੀਜ਼ ਹੀ ਸਮਝਦਾ ਹੋਵੇ!! ਪਰੰਤੂ ਪ੍ਰਭੂ ਯਿਸੂ ਤੁਹਾਨੂੰ ਆਖਦਾ ਹੈ, "ਤੂੰ ਮੇਰਾ ਬਹੁਮੁੱਲਾ ਪੁੱਤਰ ਅਰ ਤੂੰ ਮੇਰੀ ਬਹੁਮੱਲੀ ਧੀ ਹੈਂ"।

ਇਸੇ ਵੇਲੇ ਆਪਣੇ ਆਪ ਨੂੰ ਪ੍ਰਮੇਸ਼ਵਰ ਦੱ ਹੱਥ ਸੌਂਪ ਦਿਓ। ਸਾਡਾ ਪ੍ਰਮੇਸ਼ਵਰ ਤੁਹਾਨੂੰ ਖ਼ਾਲਸ ਸੋਨੇ ਵਿੱਚ ਬਦਲ ਦੇਵੇਗਾ। ਕਈ ਲੋਕ ਸਾਰੀ ਸਰੀਰਕ ਤਾਕਤ ਖਤਮ ਹੋਣ ਤੇ ਖੁਦ ਨੂੰ ਉਸਦੇ ਹੱਥ ਸੌਂਪਦੇ ਹਨ। ਉਹ ਆਪਣੇ ਕੀਮਤਾਂ ਸਾਲਾਂ ਨੂੰ ਗੁਆ ਲੈਂਦੇ ਹਨ। ਜਦੋਂ ਤੁਸੀਂ ਤੰਦਰੁਸਤ ਅਰ ਤਕੜੇ ਹੋ, ਉਸਦੇ ਰਾਜ ਦੀ ਭਾਲ ਕਰੋ। ਜਿਸ ਥਾਂ ਤੁਸੀਂ ਪੈਰ ਧਰੋਗੇ ਉਹ ਤੁਹਾਡੀ ਹੋ ਜਾਵੇਗੀ। ਕਹਾਉਤਾਂ 28:20 ਆਖਦੀ ਹੈ, " ਸੱਚੇ ਪੁਰਖ ਉੱਤੇ ਘਨੇਰੀਆਂ ਅਸੀਸਾਂ ਹੋਣਗੀਆਂ"।

ਮੈਂ ਇਹ ਗੱਲ ਦੱਸ ਕੇ ਖ਼ਤਮ ਕਰਾਂਗਾ: ਇੱਕ ਵਾਰ ਮੈਂ ਆਪਣੇ ਪਾਸਟਰ ਸੈਮ ਸੁੰਦਰਾਮ ਨੂੰ ਪੁਰਸਵੱਕਮ (ਚੇਨੰਈ) ਤੋਂ ਆਪਣੇ ਘਰ ਜੋ ਕਿ 15 ਕਿ:ਮੀ: ਦੂਰ ਸੀ ਲੈ ਕੇ ਜਾ ਰਿਹਾ ਸੀ। ਮੇਰੇ ਕੋਲ ਕੇਵਲ 3 ਰੁਪਏ ਅਰ 20 ਪੈਸੇ ਸਨ। ਜਦੋਂ ਟੈਕਸੀ ਏਗਮੋਰ ਪਹੁੰਚੀ ਤਾਂ ਮੀਟਰ ਨੇ 3 ਰੁਪਏ ਅਰ 20 ਪੈਸੇ ਦਿਖਾਏ, ਪਰ ਹਾਲੇ ਤਾਂ ਮੁਸ਼ਕਿਲ ਨਾਲ ਅੱਧਾ ਹੀ ਸਫ਼ਰ ਹੋਇਆ ਸੀ। ਕੀ ਮੈਂ ਆਪਣੇ ਪਿਆਰੇ ਪਾਸਟਰ ਨੂੰ ਟੈਕਸੀ 'ਚੋਂ ਉੱਤਰ ਕੇ ਘਰ ਤੱਕ ਪੈਦਲ ਚੱਲਣ ਲਈ ਆਖਾਂ? ਮੈਂ ਆਪਣੇ ਹਿਰਦੇ ਵਿੱਚ ਰੋ ਰਿਹਾ ਸੀ ਅਰ ਪ੍ਰਾਰਥਨਾ ਕਰ ਰਿਹਾ ਸੀ। ਕਾਰ ਤੇਜੀ ਨਾਲ ਚੱਲ ਰਹੀ ਸੀ. ਪਰੰਤੂ ਅਚੰਭੇ ਵਾਲੀ ਗੱਲ ਇਹ ਸੀ ਕਿ ਮੀਟਰ 3 ਰੁਪਏ ਅਰ 20 ਪੈਸੇ ਤੇ ਹੀ ਰੁਕ ਗਿਆ ਸੀ। ਜਦੋਂ ਅਸੀਂ ਘਰ ਪਹੁੰਚੇ ਤਾਂ ਉਨੇ ਹੀ ਪੈਸੇ ਮੀਟਰ ਨੇ ਵਿਖਾਏ! ਡ੍ਰਾਈਵਰ ਨੇ ਮੀਟਰ ਵੇਖਿਆ ਅਰ ਹੈਰਾਨ ਰਹਿ ਗਿਆ ਕਿ ਮੀਟਰ ਉੱਤੇ ਕੇਵਲ 3 ਰੁਪਏ ਅਰ 20 ਪੈਸੇ ਹੀ ਕਿਵੇਂ ਹੋ ਸਕਦੇ ਹਨ; ਕਿਉਂਕਿ ਸਫ਼ਰ ਕਾਫ਼ੀ ਲੰਬਾ ਸੀ। ਮੈਂ ਡ੍ਰਾਈਵਰ ਨੂੰ ਆਖਿਆ, "ਮੀਟਰ ਏਗਮੋਰ ਤੋਂ ਹੀ ਰੁਕ ਗਿਆ ਸੀ। ਪਰੇਸ਼ਾਨ ਨਾ ਹੋਵੋ! ਮੈਂ ਜਿਨੇਂ ਪੈਸੇ ਬਣਦੇ ਹਨ ਉਨੇ ਹੀ ਤੁਹਾਨੂੰ ਦੇਵਾਂਗਾ। ਪਰੰਤੂ ਇਸ ਵੇਲੇ ਮੇਰੇ ਕੋਲ 3 ਰੁਪਏ ਅਰ 20 ਪੈਸੇ ਹੀ ਹਨ"। ਮੈਂ ਆਪਣੀ ਘੜੀ ਉਤਾਰ ਕੇ ਟੈਕਸੀ ਡ੍ਰਾਈਵਰ ਨੂੰ ਦਿੱਤੀ ਅਰ ਕਿਹਾ, "ਮੈਂ ਚੇਨੰਈ ਵਿੱਚ ਹੀ ਰਹਿੰਦਾ ਹਾਂ, ਜਦੋਂ ਅਗਲੀ ਵਾਰ ਮੈਂ ਤੁਹਾਨੂੰ ਮਿਲਾਂਗਾ ਤਾਂ ਮੈਂ ਤੁਹਾਡਾ ਬਕਾਇਆ ਤੁਹਾਨੂੰ ਦੇ ਦੇਵਾਂਗਾ ਅਰ ਆਪਣੀ ਘੜੀ ਲੈ ਲਵਾਂਗਾ"। ਮੈਂ ਉਸਨੂੰ ਪੁੱਛਿਆ, "ਕੁੱਲ ਕਿੰਨੇ ਪੈਸੇ ਬਣੇ ਹਨ?"

ਟੈਕਸੀ ਡ੍ਰਾਈਵਰ ਨੇ ਮੇਰੀ ਘੜੀ ਲੈਣ ਤੋਂ ਇਨਕਾਰ ਕਰ ਦਿੱਤਾ। ਉਸਨੇ ਬੱਸ ਮੈਨੂੰ ਇਨਾਂ ਪੁੱਛਿਆ, "ਕੀ ਤੁਸੀਂ ਮਸੀਹੀ ਹੋ?" ਉਸਨੇ ਮੈਥੋਂ ਪਾਣੀ ਲੈ ਕੇ ਪੀਤਾ ਅਤੇ ਬਗੈਰ ਉਹ 3 ਰੁਪਏ ਤੇ 20 ਪੈਸੈ ਲਏ ਹੀ ਚਲਾ ਗਿਆ। ਕਿਉਂਕਿ ਮੈਂ ਆਪਣੇ ਪ੍ਰਭੂ ਨੂੰ ਪਿਆਰ ਕਰਦਾ ਸੀ ਉਸਨੇ ਮੇਰੇ ਲਈ ਉਹ ਚਮਤਕਾਰ ਕੀਤਾ। ਕੁਝ ਸਾਲਾਂ ਬਾਦ ਉਹ ਟੈਕਸੀ ਡ੍ਰਾਈਵਰ ਮੇਰੇ ਘਰ ਆਇਆ। ਉਸ ਵੇਲੇ ਉਸਨੇ ਇੱਕ ਨਵੀਂ ਅੰਬੈਸਡਰ ਕਾਰ ਮੇਰੇ ਦਰਵਾਜ਼ੇ ਅੱਗੇ ਖਲੋਤੀ ਵੇਖੀ। ਉਸਨੇ ਹੈਰਾਨ ਹੋ ਕੇ ਮੈਨੂੰ ਪੁੱਛਿਆ, "ਜਦੋਂ ਤੁਹਾਡੇ ਕੋਲ ਇਨੀਂ ਵਧੀਆ ਕਾਰ ਹੈ ਤਾਂ ਤੁਸੀਂ ਮੇਰੀ ਟੈਕਸੀ ਵਿੱਚ ਸਫ਼ਰ ਕਿਉਂ ਕੀਤਾ?" ਮੈਂ ਉੱਤਰ ਦਿੱਤਾ, "ਉਸ ਵੇਲੇ ਮੈਂ ਇੱਕ ਗਰੀਬ ਵਿਅਕਤੀ ਸੀ; ਉਸ ਸਮੇਂ ਮੇਰੇ ਕੋਲ 3 ਰੁਪਏ 20 ਪੈਸੇ ਤੋਂ ਇੱਕ ਪੈਸਾ ਵੀ ਜ਼ਿਆਦਾ ਨਹੀਂ ਸੀ। ਹੁਣ ਮੇਰੇ ਪ੍ਰਮੇਸ਼ਵਰ ਨੇ ਮੈਨੂੰ ਬਰਕਤ ਦੇ ਕੇ ਉੱਚਾ ਕੀਤਾ ਹੈ"।

"ਸੱਚੇ ਪੁਰਖ ਉੱਤੇ ਘਨੇਰੀਆਂ ਅਸੀਸਾਂ ਹੋਣਗੀਆਂ" ਜਦੋਂ ਮੇਰੇ ਕੋਲ ਟੈਕਸੀ ਦਾ ਕਿਰਾਇਆ ਦੇਣ ਲਈ ਵੀ ਪੈਸੇ ਨਹੀਂ ਸਨ, ਮੇਰੇ ਪ੍ਰਭੂ ਨੇ ਮੈਨੂੰ ਨਵੀਂ ਕਾਰ ਦਾ ਮਾਲਿਕ ਬਣਾਇਆ। ਬਾਈਬਲ ਆਖਦੀ ਹੈ, "ਇਸ ਲਈ ਮੈਂ ਤੇਰੇ ਬਦਲੇ ਆਦਮੀ ਅਤੇ ਤੇਰੀ ਜਾਨ ਦੇ ਵਟਾਂਦਰੇ ਵਿੱਚ ਉੱਮਤਾਂ ਦਿਆਂਗਾ" ਪ੍ਰਮੇਸ਼ਵਰ ਆਖਦਾ ਹੈ, "ਤੂੰ ਮੇਰੀ ਨਿਗਾਹ ਵਿੱਚ ਬਹੁਮੁੱਲਾ ਅਤੇ ਆਦਰਯੋਗ ਹੈ"।

ਪ੍ਰਮੇਸ਼ਵਰ ਬਹੁਤ ਸਾਰੇ ਭਲੇ ਲੋਕਾਂ ਨੂੰ ਤੁਹਾਡੇ ਕੋਲ ਭੇਜੇਗਾ। ਤੁਹਾਡੀ ਸੇਹਤ ਅਰ ਖੁਸ਼ੀ ਦਾ ਧਿਆਨ ਰੱਖਣ ਲਈ ਬਹੁਤ ਸਾਰੇ ਲੋਕ ਹੋਣਗੇ। ਆਪਣੇ ਹੱਥਾਂ ਦੀ ਕਿਰਤ ਨਾਲ ਤੁਸੀਂ ਕਈਆਂ ਦਾ ਪੇਟ ਭਰੋਗੇ। ਆਪਣੇ ਮੂੰਹ ਦੇ ਸ਼ਬਦਾਂ ਨਾਲ ਤੁਸੀਂ ਬਹੁਤਿਆਂ ਨੂੰ ਤਸੱਲੀ ਦਿਓਗੇ। ਜਿਵੇਂ ਦਾਸ ਦੀਆਂ ਅੱਖਾਂ ਇੱਕ ਉਮੀਦ ਨਾਲ ਉਸਦੇ ਸੁਆਮੀ ਵੱਲ ਲੱਗੀਆਂ ਹੁੰਦੀਆਂ ਹਨ ਤਿਵੇਂ ਬਹੁਤ ਸਾਰੇ ਲੋਕ ਤੁਹਾਡੇ ਵੱਲ ਤੱਕਣਗੇ।ਪ੍ਰਮੇਸ਼ਵਰ ਤੁਹਾਨੂੰ ਪੂੰਛ ਨਹੀਂ, ਸਿਰ ਬਣਾਵੇਗਾ। ਉਹ ਤੁਹਾਨੂੰ ਸ਼ਰਮਿੰਦਾ ਨਹੀਂ ਹੋਣ ਦੇਵੇਗਾ ਬਲਕਿ ਉੱਚਾ ਕਰੇਗਾ। ਉਹ ਤੁਹਾਡੇ ਲਈ ਲੋਕਾਂ ਨੂੰ ਮੁਹੱਈਆ ਕਰੇਗਾ। ਇਹ ਇਸ ਲਈ ਹੋਇਆ ਕਿਉਂਕਿ ਮੈਂ ਆਪਣੀ ਜਵਾਨੀ ਵਿੱਚ ਖੁਦ ਨੂੰ ਪਵਿੱਤਰ ਰੱਖਿਆ ਅਰ ਪ੍ਰਮੇਸ਼ਵਰ ਨੇ ਮੈਨੂੰ ਅਸੀਸ ਦਿੱਤੀ।

ਤੁਸੀਂ ਪ੍ਰਮੇਸ਼ਵਰ ਦੁਆਰਾ ਬੁਲਾਏ ਗਏ ਅਰ ਪਹਿਲਾਂ ਤੋਂ ਹੀ ਠਹਿਰਾਏ ਗਏ ਹੋ। ਉਸਨੇ ਤੁਹਾਡੇ ਉੱਪਰ ਹਸਤਾਖ਼ਰ ਕੀਤੇ ਹਨ ਕਿ "ਤੁਸੀਂ ਸ਼ਾਹੀ ਘਰਾਣੇ ਵਿੱਚੋਂ ਹੋ"।

22 ਜੂਨ, 1971 ਨੂੰ ਜਦੋਂ ਮੈਂ ਇੱਕ ਫੁੱਟਪਾਥ ਤੇ ਬੈਠਾ ਹੋਇਆ ਸੀ, ਮੈਨੂੰ ਭੁੱਖ ਲੱਗੀ। ਸਭ ਦੁਕਾਨਾਂ ਬੰਦ ਹੋ ਚੁੱਕੀਆਂ ਸਨ। ਦੋ ਪੁਲਿਸ ਕਰਮਚਾਰੀ ਆ ਕੇ ਮੈਨੂੰ ਬੋਲੇ, "ਉੱਠੋ ਅਰ ਸਾਡੇ ਨਾਲ ਆਓ"। ਉਹ ਨਹੀਂ ਜਾਣਦੇ ਸਨ ਕਿ ਮੈਂ ਸ਼ਾਹੀ ਘਰਾਣੇ ਤੋਂ ਹਾਂ। ਉਨ੍ਹਾਂ ਮੈਨੂੰ ਪੁੱਛਿਆ, "ਤੁਸੀਂ ਰਾਤ ਦੇ 2 ਵਜੇ ਇੱਥੇ ਕਿਉਂ ਬੈਠੇ ਹੋ?" ਮੈਂ ਉੱਤਰ ਦਿੱਤਾ, "ਮੇਰਾ ਇੱਥੇ ਕੋਈ ਨਹੀਂ ਹੈ, ਪਰੰਤੂ ਮੇਰਾ ਪ੍ਰਮੇਸ਼ਵਰ ਮੈਨੂੰ ਇੱਥੇ ਲੈ ਕੇ ਆਇਆ ਹੈ"।

ਉਨ੍ਹਾਂ ਵਿੱਚੋਂ ਇੱਕ ਨੇ ਆਖਿਆ, "ਉੱਠੋ, ਅਰ ਸਾਡੇ ਨਾਲ ਪੁਲਿਸ ਸਟੇਸ਼ਨ ਚੱਲੋ"। ਦੂਸਰੇ ਨੇ ਆਖਿਆ, "ਰੁਕੋ! ਇਸਦਾ ਚੇਹਰਾ ਵੇਖ ਕੇ ਮੈਨੂੰ ਇਹ ਵਿਅਕਤੀ ਇੱਕ ਚੰਗੇ ਘਰਾਣੇ ਦਾ ਲਗਦਾ ਹੈ। ਇਹ ਕੋਈ ਚੋਰ ਜਾਂ ਨਸ਼ੇੜੀ ਨਹੀਂ ਲਗਦਾ; ਅਸੀਂ ਇਸਨੂੰ ਛੱਡ ਦੇਈਏ" ਉਹ ਇੱਕ ਚੰਗੀ ਗਵਾਹੀ ਦੇ ਕੇ ਮੈਨੂੰ ਛੱਡ ਗਏ।

ਪ੍ਰਭੂ ਆਖਦਾ ਹੈ, "ਤੂੰ ਮੇਰਾ ਬਹੁਮੁੱਲਾ ਪੁੱਤਰ ਹੈਂ, ਤੂੰ ਮੇਰੀ ਬਹੁਮੁੱਲੀ ਧੀ ਹੈਂ"। ਪ੍ਰਮੇਸ਼ਵਰ ਤੁਹਾਨੂੰ ਵੱਡੀ ਗਿਣਤੀ ਵਿੱਚ ਲੋਕ ਦੇਵੇਗਾ। ਸੰਸਾਰ ਦੇ ਲੋਕ ਤੁਹਾਡੇ ਬੁਰੇ ਅਰ ਚੰਗੇ ਹਲਾਤਾਂ ਵਿੱਚ ਤੁਹਾਡੀ ਮਦਦ ਕਰਨਗੇ। ਉਹ ਤੁਹਾਡੀ ਸ਼ਲਾਘਾ ਕਰਨਗੇ।ਪ੍ਰਮੇਸ਼ਵਰ ਦੀ ਬਾਣੀ ਆਖਦੀ ਹੈ, "ਨਾ ਡਰ! ਮੈਂ ਤੇਰਾ ਨਿਸਤਾਰਾ ਦਿੱਤਾ ਹੈ; ਮੈਂ ਤੇਰਾ ਨਾਂ ਲੈ ਕੇ ਤੈਨੂੰ ਬੁਲਾਇਆ ਹੈ; ਤੂੰ ਮੇਰਾ ਹੈਂ"। ਉਸ ਉਜਾੜੂ ਪੁੱਤਰ ਵਾਂਗ ਨਾ ਬਣੋ, ਜਿਸਨੇ ਇਸ ਗੱਲ ਨੂੰ ਬਹੁਤ ਦੇਰੀ ਨਾਲ ਸਮਝਿਆ ਕਿ, "ਮੈਂ ਸ਼ਾਹੀ ਘਰਾਣੇ ਵਿੱਚੋਂ ਹਾਂ"। ਇਸੇ ਵੇਲੇ ਸਮਝ ਜਾਓ। ਤੁਸੀਂ ਸ਼ਾਹੀ ਘਰਾਣੇ ਦੇ ਲੋਕ ਹੋ। ਬਾਈਬਲ ਆਖਦੀ ਹੈ, "ਪਰ ਤੁਸੀਂ ਚੁਣਿਆ ਹੋਇਆ ਵੰਸ਼, ਸ਼ਾਹੀ ਯਾਜਕਾਂ ਦੀ ਮੰਡਲੀ, ਪਵਿੱਤਰ ਕੌਮ, ਪ੍ਰਮੇਸ਼ਵਰ

(ਚਲਦਾ ਸਫ਼ਾ 6-)

GREAT COMMISSION PARTNERS
ECHO OF HIS CALL MINISTRIES
SINCE 1969

## GREAT COMMISSION PARTNERS - ਮਹਾਨ ਉਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਤਾਰੀਫ ਦੇ ਮੁੱਦੇ

### 19 ਫ਼ਰਵਰੀ 2021 ਤੋਂ 18 ਮਾਰਚ 2021 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!
## ਵਡਿਆਈ ਦੇ ਮੁੱਦੇ

19 ਫ਼ਰਵਰੀ: ਪ੍ਰਮੇਸ਼ਵਰ ਨੇ ਸਾਡੀਆਂ ਐਤਵਾਰ ਦੀਆਂ ਸਭਾਵਾਂ ਨੂੰ ਅਸੀਸ ਦਿੱਤੀ।

20 ਫ਼ਰਵਰੀ: ਪ੍ਰਮੇਸ਼ਵਰ ਨੇ ਸਾਡੇ ਮੁੱਖ ਚਰਚ, ਬ੍ਰਾਂਚ ਚਰਚਾਂ ਅਰ ਸਭ ਵਿਸ਼ਵਾਸੀਆਂ ਨੂੰ ਬਰਕਤ ਦਿੱਤੀ।

21 ਫ਼ਰਵਰੀ: ਪ੍ਰਮੇਸ਼ਵਰ ਨੇ ਸਾਡੇ ਮੁੱਖ ਚਰਚ ਵਿੱਚ ਆਯੋਜਿਤ ਭੈਣਾਂ ਦੀ ਸਭਾ ਨੂੰ ਬਰਕਤ ਦਿੱਤੀ।

22 ਫ਼ਰਵਰੀ: ਅਸੀਂ ਸਾਡੇ ਸਹਾਇਕਾਂ ਦੀਆਂ ਪ੍ਰਾਰਥਨਾਵਾਂ ਅਰ ਮਦਦ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

23 ਫ਼ਰਵਰੀ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਸੁਸਮਾਚਾਰ ਸਾਹਿਤ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

24 ਫ਼ਰਵਰੀ: ਪ੍ਰਮੇਸ਼ਵਰ ਨੇ ਮਨੀਪੁਰੀ ਭਾਸ਼ਾ ਵਿੱਚ ਬੁਲਾਵੇ ਦੀ ਗੂੰਜ ਸ਼ੁਰੂ ਕਰਨ ਵਿੱਚ ਸਾਡੀ ਮਦਦ ਕੀਤੀ।

25 ਫ਼ਰਵਰੀ: ਅਸੀਂ ਬੁਲਾਵੇ ਦੀ ਗੂੰਜ ਨੂੰ ਚਾਰ ਹੋਰ ਭਾਸ਼ਾਵਾਂ ਵਿੱਚ ਸ਼ੁਰੂ ਕਰਨ ਦੇ ਸਾਡੇ ਦਰਸ਼ਨ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

26 ਫ਼ਰਵਰੀ: ਅਸੀਂ ਸਾਡੇ ਸਭ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

27 ਫ਼ਰਵਰੀ: ਪ੍ਰਮੇਸ਼ਵਰ ਨੇ ਆਪਣੀ ਦਯਾ ਸਦਕਾ ਨਵੇਂ ਇਲਾਕਿਆਂ ਵਿੱਚ ਸੁਸਮਾਚਾਰ ਲੈ ਕੇ ਪਹੁੰਚਣ ਵਿੱਚ ਸਾਡੀ ਮਦਦ ਕੀਤੀ।

28 ਫ਼ਰਵਰੀ: ਸਾਡੇ ਚਰਚ ਵਿੱਚ ਆਯੋਜਿਤ ਭਰਾਵਾਂ ਦੀ ਸਭਾ ਨੂੰ ਪ੍ਰਮੇਸ਼ਵਰ ਨੇ ਬਰਕਤ ਦਿੱਤੀ।

01 ਮਾਰਚ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਨੂੰ ਅਸੀਸ ਦਿੱਤੀ।

02 ਮਾਰਚ: ਸਾਨੂੰ ਸਾਡੇ ਮਿਸ਼ਨ ਖੇਤਰਾਂ ਵਿੱਚ ਚੰਗੀਆਂ ਖ਼ਬਰਾਂ ਮਿਲ ਰਹੀਆਂ ਹਨ।

03 ਮਾਰਚ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

## ਪ੍ਰਾਰਥਨਾ ਦੇ ਮੁੱਦੇ

04 ਮਾਰਚ: ਪ੍ਰਮੇਸ਼ਵਰ ਇਸ ਮਹੀਨੇ ਵੀ ਬੁਲਾਵੇ ਦੀ ਗੂੰਜ

05 ਮਾਰਚ: ਅਸੀਂ ਸਭ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਦੇ ਖਾਤਮੇ ਲਈ ਪ੍ਰਾਰਥਨਾ ਕਰੀਏ।

06 ਮਾਰਚ: ਉਨ੍ਹਾਂ ਦੁਖੀ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ ਜਿਨ੍ਹਾਂ ਨੇ ਕੋਰੋਨਾ ਮਹਾਂਮਾਰੀ ਵਿੱਚ ਆਪਣੇ ਅਜੀਜ਼ਾਂ ਨੂੰ ਖੋਇਆ ਹੈ।

07 ਮਾਰਚ: ਅਸੀਂ ਲਗਾਤਾਰ ਆਪਣੇ ਅੰਗ੍ਰੇਜ਼ੀ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰੀਏ।

08 ਮਾਰਚ: ਅਸੀਂ ਸਾਡੇ ਮਿਸ਼ਨ ਖੇਤਰ ਦੇ ਕਾਮਿਆਂ ਲਈ ਪ੍ਰਾਰਥਨਾ ਕਰੀਏ।

09 ਮਾਰਚ: ਅਸੀਂ ਸੰਸਾਰ ਭਰ ਦੇ ਸਭ ਆਤਮਿਕ ਲੀਡਰਾਂ ਲਈ ਪ੍ਰਾਰਥਨਾ ਕਰੀਏ।

10 ਮਾਰਚ: ਅਸੀਂ ਬੱਚਿਆਂ ਅਤੇ ਔਰਤਾਂ ਖਿਲਾਫ਼ ਹੁੰਦੀ ਹਿੰਸਾ ਦੇ ਖਾਤਮੇ ਲਈ ਪ੍ਰਾਰਥਨਾ ਕਰੀਏ।

11 ਮਾਰਚ: ਅਸੀਂ ਸਾਡੀ ਮਨੀਪੁਰੀ ਭਾਸ਼ਾ ਦੇ ਸਹਾਇਕ ਸੰਪਾਦਕ ਰੈਵ: ਡਾ. ਰਿਸ਼ੀਕਾਂਤਾ ਸੋਰੋਖੈਬਮ ਲਈ ਦੁਆ ਕਰੀਏ।

12 ਮਾਰਚ: ਪ੍ਰਮੇਸ਼ਵਰ ਬੁਲਾਵੇ ਦੀ ਗੂੰਜ ਸੇਵਕਾਈਆਂ ਵਿੱਚ ਹੋਰ ਸਮਰਪਿਤ ਕਰਮਚਾਰੀਆਂ ਨੂੰ ਲਿਆਵੇ।

13 ਮਾਰਚ: ਅਸੀਂ ਸਭ ਮਸੀਹੀ ਸੰਸਥਾਵਾਂ ਲਈ ਪ੍ਰਾਰਥਨਾ ਕਰੀਏ।

14 ਮਾਰਚ: ਪ੍ਰਮੇਸ਼ਵਰ ਸਾਡੇ ਪਾਸਟਰਾਂ ਅਰ ਕੋ-ਆਰਡੀਨੇਟਰਾਂ ਨੂੰ ਨਵਾਂ ਬਲ ਦੇਵੇ।

15 ਮਾਰਚ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਰ ਮਹਾਂਆਦੇਸ਼ ਸਹਿਭਾਗੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ।

16 ਮਾਰਚ: ਸਾਡੀਆਂ ਸੇਵਕਾਈਆਂ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਪ੍ਰਾਰਥਨਾ ਕਰੀਏ।

17 ਮਾਰਚ: ਪ੍ਰਮੇਸ਼ਵਰ ਨੇ ਕੋਵਿਡ 19 ਦੇ ਸਮੇ ਦੌਰਾਨ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਨੂੰ ਅਸੀਸ ਦਿੱਤੀ।

18 ਮਾਰਚ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਲਗਾਤਾਰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਸਫਾ 4 ਤੋਂ ਚਲਦਾ-)

ਦੀ ਖਾਸ ਪਰਜਾ ਹੋ ਕਿ ਤੁਸੀਂ ਉਹ ਦਿਆਂ ਗੁਣਾਂ ਦਾ ਪ੍ਰਚਾਰ ਕਰੋ, ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ" (1 ਪਤਰਸ 2:9)। ਤੁਸੀਂ ਖਾਸ ਹੋ। ਪ੍ਰਮੇਸ਼ਵਰ ਤੁਹਾਡੀ ਰਾਖੀ ਲਈ ਆਪਣੇ ਦੂਤਾਂ ਨੂੰ ਨਿਯੁਕਤ ਕਰੇਗਾ।

ਪ੍ਰਮੇਸ਼ਵਰ ਤੁਹਾਨੂੰ ਆਪਣੀ ਅੱਖ ਦੀ ਪੁਤਲੀ ਵਾਂਗ ਸੰਭਾਲਦਾ ਹੈ। ਉਹ ਤੁਹਾਡੇ ਪੈਰ ਨੂੰ ਪੱਥਰ ਨਾਲ ਠੋਕਰ ਨਹੀਂ ਲੱਗਣ ਦੇਵੇਗਾ। ਉਹ ਤੁਹਾਡੀਆਂ ਸਭ ਜ਼ਰੂਰਤਾਂ ਪੂਰੀਆਂ ਕਰੇਗਾ। ਜੇਕਰ ਅੱਜ ਤੁਸੀਂ ਕਿਸੇ ਗੱਲੋਂ ਡਰੇ ਹੋਏ ਹੋ ਤਾਂ ਇਨਸਾਨ ਦੀਆਂ ਗੱਲਾਂ ਵੱਲ ਧਿਆਨ ਨਾ ਦਓ। ਸੰਸਾਰ ਤੁਹਾਨੂੰ ਡਰਾਵੇਗਾ; ਜੋ ਪ੍ਰਮੇਸ਼ਵਰ ਆਖਦਾ ਹੈ ਉਹ ਸੁਣੋ, "ਨਾ ਡਰ! ਮੈਂ ਤੇਰਾ ਨਿਸਤਾਰਾ ਦਿੱਤਾ ਹੈ; ਮੈਂ ਤੇਰਾ ਨਾਂ ਲੈ ਕੇ ਤੈਨੂੰ ਬੁਲਾਇਆ ਹੈ; ਤੂੰ ਮੇਰਾ ਹੈਂ"।

ਆਪਣੇ ਦਿਲ ਤੇ ਆਪਣਾ ਹੱਥ ਰੱਖ ਕੇ ਬੋਲੋ, "ਮੈਂ ਯਿਸੂ ਦਾ ਹਾਂ" ਉਹ ਅੱਖ ਦੀ ਪੁਤਲੀ ਵਾਂਗ ਤੁਹਾਡੀ ਰਾਖੀ ਕਰੇਗਾ। ਉਹ ਤੁਹਾਡੇ ਚੱਲਣ ਵਿੱਚ ਤੁਹਾਡੀ ਰਾਖੀ ਕਰੇਗਾ। ਉਹ ਤੁਹਾਡੀਆਂ ਸਭ ਲੋੜਾਂ ਦਾ ਧਿਆਨ ਰੱਖੇਗਾ ਅਰ ਤੁਹਾਡੇ ਲਈ ਬਹੁਤ ਸਾਰੇ ਲੋਕਾਂ ਨੂੰ ਮੁਹੱਈਆ ਕਰੇਗਾ।

ਜਦੋਂ ਅਸੀਂ 16 ਭਾਸ਼ਾਵਾਂ ਵਿੱਚ ਸੇਵਕਾਈ ਦਾ ਕੰਮ ਕਰ ਰਹੇ ਸੀ, ਪ੍ਰਮੇਸ਼ਵਰ ਨੇ ਮੈਨੂੰ ਆਖਿਆ, "ਤੁਹਾਨੂੰ ਹੋਰਨਾਂ ਭਾਸ਼ਾਵਾਂ ਵਾਲੇ ਲੋਕਾਂ ਵਿੱਚ ਵੀ ਸੇਵਕਾਈ ਕਰਨੀ ਹੈ" ਮੈਨੂੰ ਪਤਾ ਨਹੀਂ ਸੀ, ਕਿ ਕਿਹੜੀ ਭਾਸ਼ਾ ਵਿੱਚ। ਮਨੀਪੁਰ ਤੋਂ ਇੱਕ ਪਾਸਟਰ ਨੇ ਮੇਰੇ ਨਾਲ ਗੱਲ ਕੀਤੀ, "ਅਸੀਂ ਮਨੀਪੁਰ ਤੋਂ ਤੁਹਾਡੀ ਮੈਗਜ਼ੀਨ ਪ੍ਰਕਾਸ਼ਿਤ ਕਰਨ ਲਈ ਤਿਆਰ ਹਾਂ, ਕਿਰਪਾ ਕਰਕੇ ਸਾਨੂੰ ਇਜਾਜ਼ਤ ਦੇ ਦਿਓ" ਪ੍ਰਮੇਸ਼ਵਰ ਨੇ ਚਮਤਕਾਰੀ ਢੰਗ ਨਾਲ ਮਨੀਪੁਰੀ ਭਾਸ਼ਾ ਵਿੱਚ 'ਬੁਲਾਵੇ ਦੀ ਗੂੰਜ' ਨੂੰ ਪ੍ਰਕਾਸ਼ਿਤ ਕਰਨ ਵਿੱਚ ਸਾਡੀ ਮਦਦ ਕੀਤੀ। ਹੁਣ ਪ੍ਰਮੇਸ਼ਵਰ ਇਸ ਭਾਸ਼ਾ ਵਿੱਚ ਵੀ ਅਦਭੁੱਤ ਕੰਮ ਕਰ ਰਿਹਾ ਹੈ।

ਇਸ ਤਰਾਂ ਪ੍ਰਮੇਸ਼ਵਰ ਦਾ ਕਲਾਮ ਕੰਮ ਕਰਦਾ ਹੈ। ਇਹ ਕਦੇ ਵੀ ਅਕਾਰਥ ਨਹੀਂ ਜਾਂਦਾ। "ਤੁਹਾਡੇ ਜੀਵਨ ਲਈ ਮੈਂ ਤੁਹਾਨੂੰ ਲੋਕ ਦੇਵਾਂਗਾ" ਹਾਂ ਮੇਰੇ ਪਿਆਰਿਓ! ਪ੍ਰਭੂ ਲਈ ਤੁਹਾਡੇ ਸਮਰਪਣ ਦੇ ਕਾਰਨ ਪ੍ਰਮੇਸ਼ਵਰ ਤੁਹਾਡੇ ਲਈ ਅਲੱਗ ਅਲੱਗ ਭਾਸ਼ਾਵਾਂ ਬੋਲਣ ਵਾਲੇ ਅਰ ਅਲੱਗ ਅਲੱਗ ਸੰਸਕ੍ਰਿਤੀਆਂ ਦੇ ਲੋਕ ਮੁਹੱਈਆ ਕਰੇਗਾ। ਸਾਡੇ ਲਈ ਸਾਡੇ ਪ੍ਰਭੂ ਦਾ ਇਹ ਵਾਅਦਾ ਹੈ।

ਤੁਸੀਂ ਪ੍ਰਮੇਸ਼ਵਰ ਦੇ ਲੋਕ ਹੋ। ਤੁਸੀਂ ਉਸਨੂੰ ਆਪਣਾ ਮੁਕਤੀਦਾਤਾ ਕਬੂਲ ਕੀਤਾ ਹੈ। ਤੁਸੀਂ ਉਸਦੀ ਸੰਤਾਨ ਹੋ। ਤੁਹਾਨੂੰ ਉਸਦੀ ਦਯਾ ਅਰ ਪਿਆਰ ਮਿਲਿਆ ਹੈ। ਉਸਨੇ ਤੁਹਾਨੂੰ ਤੁਹਾਡੀ ਮਾਂ ਦੀ ਕੁੱਖ ਵਿੱਚੋ ਚੁਣਿਆਂ ਹੈ। ਉਹ ਤੁਹਾਨੂੰ ਕਈ ਮਹਾਨ ਕੰਮ ਕਰਨ ਲਈ ਇਸਤੇਮਾਲ ਕਰਨ ਜਾ ਰਿਹਾ ਹੈ। "ਜਦੋਂ ਤੂੰ ਪਾਣੀਆਂ ਵਿੱਚੋਂ ਲੰਘੇ, ਮੈਂ ਤੇਰੇ ਨਾਲ ਹੋਵਾਂਗਾ; ਅਤੇ ਨਦੀਆਂ ਤੈਨੂੰ ਡੋਬ ਨਾ ਸਕਣਗੀਆਂ; ਜਦੋਂ ਤੂੰ ਅੱਗ ਵਿੱਚੋਂ ਲੰਘੇਂ, ਉਹ ਤੈਨੂੰ ਨਾ ਸਾੜੇਗੀ ਅਤੇ ਨਾ ਲਾਟ ਤੇਰੇ ਉੱਤੇ ਬਲੇਗੀ"। "ਤੂੰ ਮੇਰਾ ਪਿਆਰਾ ਪੁੱਤਰ ਹੈਂ; ਤੂੰ ਮੇਰੀ ਪਿਆਰੀ ਧੀ ਹੈਂ"। ਪ੍ਰਮੇਸ਼ਵਰ ਤੁਹਾਡੀ ਸੇਵਕਾਈ ਨੂੰ ਵੇਖ ਕੇ ਖੁਸ਼ ਹੈ, ਉਹ ਤੁਹਾਨੂੰ ਵੇਖ ਕੇ ਆਖਦਾ ਹੈ, "ਤੂੰ ਮੇਰਾ ਪਿਆਰਾ ਪੁੱਤਰ ਹੈਂ; ਤੂੰ ਮੇਰੀ ਪਿਆਰੀ ਧੀ ਹੈਂ"।

ਆਪਣੇ ਆਪ ਨੂੰ ਕਮਜ਼ੋਰ ਨਾ ਸਮਝੋ। ਯਾਦ ਰੱਖੋ ਕਿ ਤੁਸੀਂ ਸ਼ਾਹੀ ਘਰਾਣੇ ਵਿੱਚੋਂ ਹੋ। ਜਿਵੇਂ ਉਸ ਉਜਾੜੂ ਪੁੱਤਰ ਨੇ ਉਨ੍ਹਾਂ ਸ਼ਬਦਾਂ ਦਾ ਅਰਥ ਸਮਝ ਲਿਆ ਕਿ "ਮੈਂ ਸ਼ਾਹੀ ਘਰਾਣੇ ਵਿੱਚੋਂ ਹਾਂ" ਅਰ ਵਾਪਿਸ ਆਪਣੇ ਮਾਤਾ ਪਿਤਾ ਕੋਲ ਆ ਕੇ ਤੌਬਾ ਕੀਤੀ ਅਰ ਮਾਫ਼ੀ ਮੰਗੀ, ਤੁਹਾਨੂੰ ਵੀ ਅੱਜ ਤੌਬਾ ਕਰਨ ਦੀ ਲੋੜ ਹੈ। ਇਸ ਗੱਲ ਨੂੰ ਸਮਝ ਲਓ ਕਿ ਪ੍ਰਭੂ ਯਿਸੂ ਦਾ ਲਹੂ ਸਾਡੇ ਅੰਦਰ ਵਗਦਾ ਹੈ। ਤੁਸੀਂ ਉਸਦੇ ਲਹੂ ਦੇ ਕਿਲ੍ਹੇ ਅੰਦਰ ਹੋ। ਕੋਈ ਹਾਨੀ ਤੁਹਾਡੇ ਨੇੜੇ ਨਹੀਂ ਆਵੇਗੀ। ਤੁਹਾਡੇ ਜੀਵਨ ਵਿੱਚ ਭਲਾ ਹੀ ਹੋਵੇਗਾ। ਤੁਸੀਂ ਦੂਜਿਆਂ ਨੂੰ ਉਧਾਰ ਦਓਗੇ, ਪਰੰਤੂ ਕਿਸੇ ਤੋਂ ਮੰਗੋਗੇ ਨਹੀਂ। ਪਵਿੱਤਰ ਪਿਤਾ ਤੁਹਾਡਾ ਧੰਨਵਾਦ। ਜੋ ਕੁਝ ਪ੍ਰਮੇਸ਼ਵਰ ਨੇ ਕਿਹਾ ਹੈ, ਉਹ ਪੂਰਾ ਹੋਵੇਗਾ। "ਸੋ ਆਪਣੇ ਆਪ ਨੂੰ ਪ੍ਰਮੇਸ਼ਵਰ ਦੇ ਬਲਵੰਤ ਹੱਥ ਹੇਠ ਨੀਵਿਆਂ ਕਰੋ ਜੋ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ" (1 ਪਤਰਸ 5:6)।

## ਫ਼ੀਲਡ ਰਿਪੋਰਟ

ਸਭ ਤੋਂ ਪਹਿਲਾਂ ਅਸੀਂ (ਪੰਜਾਬ ਤੋਂ ਸਾਡਾ ਸਮੁੱਚਾ ਮਰਾੜੂ ਪਰਿਵਾਰ) ਆਪਣੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਪਵਿੱਤਰ ਅਰ ਸਮਰੱਥੀ ਨਾਂ ਵਿੱਚ ਤੁਹਾਨੂੰ ਨਵੇਂ ਸਾਲ 2021, ਦੀਆਂ ਸ਼ੁੱਭ ਇੱਛਾਵਾਂ ਦਿੰਦੇ ਹਾਂ।

ਤੁਹਾਡੀ ਈ-ਮੇਲ ਪ੍ਰਾਪਤ ਕਰਕੇ ਅਰ ਉਸ ਵਿੱਚ ਲਿਖੇ ਦਲੇਰੀ ਅਰ ਬਰਕਤ ਦੇ ਸ਼ਬਦ ਪੜ੍ਹ ਕੇ ਮੈਨੂੰ ਵਿਅਕਤੀਗਤ ਤੌਰ ਤੇ ਬਹੁਤ ਖੁਸ਼ੀ ਅਰ ਬਰਕਤ ਮਿਲੀ। ਇਹ ਸ਼ਬਦ ਸਚਮੁੱਚ ਪ੍ਰਭੂ ਪ੍ਰਮੇਸ਼ਵਰ ਅਰ ਉਸਦੇ ਕਲਾਮ ਵਿੱਚ ਸਾਡੀ ਨਿਹਚਾ ਨੂੰ ਮਜਬੂਤ ਕਰਨ ਲਈ ਸਾਨੂੰ ਉਤਸ਼ਾਹਿਤ ਕਰਦੇ ਹਨ।

ਅਸੀਂ ਦੋਨੋਂ (ਮੈਂ ਅਰ ਮੇਰੀ ਪਿਆਰੀ ਪਤਨੀ ਨੀਲਮ ਕੌਰ ਮਰਾੜੂ) ਇੱਹ ਦੱਸਦੇ ਹੋਏ ਬਹੁਤ ਅਨੰਦਤ ਮਹਿਸੂਸ ਕਰਦੇ ਹਾਂ ਕਿ ਦਸੰਬਰ, 2020 ਵਿੱਚ ਪ੍ਰਮੇਸ਼ਵਰ ਨੇ ਸਾਨੂੰ ਇਸਤੇਮਾਲ ਕੀਤਾ ਕਿ ਅਸੀਂ ਉਨ੍ਹਾਂ ਲੋਕਾਂ ਵਿੱਚ ਪ੍ਰਮੇਸ਼ਵਰ ਦੇ ਰਾਜ ਦਾ ਸੁਸਮਾਚਾਰ ਪ੍ਰਚਾਰ ਕਰ ਸਕੇ ਜਿਹੜੇ ਪ੍ਰਭੂ ਯਿਸੂ ਮਸੀਹ ਬਾਰੇ ਜਾਣਦੇ ਵੀ ਨਹੀਂ ਸਨ।

ਪ੍ਰਮੇਸ਼ਵਰ ਨੇ ਇੰਨੀ ਸਖ਼ਤ ਠੰਢ ਵਿੱਚ ਪੰਜਾਬ ਦੇ ਅਲੱਗ-ਅਲੱਗ ਇਲਾਕਿਆਂ/ਜਿਲ੍ਹਿਆਂ ਵਿੱਚ 14 ਪ੍ਰਾਰਥਨਾ ਸਭਾਵਾਂ ਵਿੱਚ ਉਸਦਾ ਪਵਿੱਤਰ ਵਚਨ ਸੁਣਾਉਣ ਵਿੱਚ ਸਾਡੀ ਮਦਦ ਕੀਤੀ। ਸਾਰੀ ਮਹਿਮਾ ਤੇ ਜਲਾਲ ਯਿਸੂ ਦੇ ਨਾਂ ਨੂੰ ਹੀ ਮਿਲੇ।

ਅਸੀਂ ਆਪਣੇ ਸਵਰਗੀ ਪਿਤਾ ਪ੍ਰਮੇਸ਼ਵਰ ਧੰਨਵਾਦ ਕਰਦੇ ਹਾਂ ਜੋ ਸਭ ਪਰੇਸ਼ਾਨੀਆਂ ਵਿੱਚ ਸਾਨੂੰ ਤਸੱਲੀ ਦਿੰਦਾ ਹੈ ਤਾਂ ਜੋ ਅਸੀਂ ਉਨ੍ਹਾਂ ਨੂੰ ਤਸੱਲੀ ਦੇ ਸਕੀਏ ਜੋ ਤਕਲੀਫ਼ ਵਿੱਚ ਹਨ (2 ਕੁਰਿੰਥੀਆਂ 1:3-4) ਅਤੇ ਹਰ ਦਿਨ ਸਾਨੂੰ ਜੇਤੂ ਬਣਾਉਂਦਾ ਹੈ।

ਅਸੀਂ ਲਗਾਤਾਰ ਤੁਹਾਡੇ ਲਈ, ਤੁਹਾਡੇ ਪਰਿਵਾਰ ਅਰ ਤੁਹਾਡੀ ਸੇਵਕਾਈ ਲਈ ਜੋ ਤੁਸੀਂ ਸੰਨ 1969 ਤੋਂ ਕਰ ਰਹੇ ਹੋ, ਪ੍ਰਾਰਥਨਾ ਕਰਦੇ ਹਾਂ। ਅਸੀਂ ਨਿਸ਼ਚਿਤ ਹਾਂ ਕਿ ਸਾਡਾ ਪ੍ਰਮੇਸ਼ਵਰ, ਪ੍ਰਭੂ ਯਿਸੂ ਦੇ ਨਾਮ ਵਿੱਚ ਤੁਹਾਡੀਆਂ ਸਭ ਲੋੜਾਂ ਨੂੰ ਪੂਰਾ ਕਰੇਗਾ। ਉਸਦੇ ਰਾਜ ਵਿੱਚ ਕੋਈ ਘਟੀ ਨਹੀਂ ਹੈ। ਸਾਨੂੰ ਉਸ ਉੱਤੇ ਅਰ ਉਸਦੇ ਪਵਿੱਤਰ ਵਚਨ ਉੱਤੇ ਪੂਰਾ ਭਰੋਸਾ ਹੈ। ਉਹ ਅਸੰਭਵ ਨੂੰ ਸੰਭਵ ਕਰਨ ਵਿੱਚ ਪੂਰਨ ਸਮਰੱਥ ਹੈ, ਉਸ ਲਈ ਕੁਝ ਵੀ ਮੁਸ਼ਕਿਲ ਜਾਂ ਅਨਹੋਣਾ ਨਹੀਂ ਹੈ।

-ਰੈਵ. ਸ਼ਨਸ਼ੇਰ ਸਿੰਘ ਮਰਾੜੂ, ਪੰਜਾਬ

# ਸਾਰੀ ਧਾਰਮਿਕਤਾ ਨੂੰ ਪੂਰਾ ਕਰਨਾ!

ਤਿਬਿਰਿਯੁਸ ਕੈਸਰ ਦੇ ਰਾਜ ਦੇ 15ਵੇਂ ਵਰ੍ਹੇ ਵਿੱਚ ਜਾਂ ਸਾਡੇ ਕੈਲੰਡਰ ਅਨੁਸਾਰ ਲਗਭਗ 30 ਈਸਵੀ ਵਿੱਚ ਪ੍ਰਮੇਸ਼ਵਰ ਦਾ ਵਚਨ ਜ਼ਕਰਯਾਹ ਅਰ ਇਲੀਸਬਤ ਦੇ ਪੁੱਤਰ ਕੋਲ ਪਹੁੰਚਾ (ਲੂਕਾ 3:1-13)। ਤਦ ਉਹ ਪਾਪਾਂ ਤੋਂ ਤੌਬਾ ਅਰ ਬਪਤਿਸਮੇ ਦਾ ਪ੍ਰਚਾਰ ਕਰਨ ਲੱਗਾ। ਉਸਦਾ ਨਾਮ ਯੂਹੰਨਾ ਸੀ। ਉਸਨੂੰ "ਯੂਹੰਨਾ ਬਪਤਿਸਮਾ ਦੇ ਵਾਲਾ" ਵੀ ਆਖਿਆ ਜਾਂਦਾ ਸੀ। ਯਰਦਨ ਦੇ ਇਲਾਕੇ ਦੇ ਬਹੁਤ ਸਾਰੇ ਲੋਕਾਂ ਨੇ ਉਸਦਾ ਕਲਾਮ ਸੁਣ ਕੇ ਆਪਣੇ ਪਾਪਾਂ ਤੋਂ ਤੌਬਾ ਕੀਤੀ। ਪੁਰਾਣੇ ਪਾਪਾਂ ਲਈ ਈਸ਼ਵਰੀ ਉਦਾਸੀ ਤੌਬਾ ਪੈਦਾ ਕਰਦੀ ਹੈ (2 ਕੁਰਿੰਥੀਆਂ 7:10)। ਅਤੇ ਪ੍ਰਮੇਸ਼ਵਰ ਲਈ ਜੀਣ ਦਾ ਜਜ਼ਬਾ ਪੈਦਾ ਕਰਦੀ ਹੈ (ਕਰਤੱਬ 3:19; 26:20)।ਆਪਣੇ ਪਾਪਾਂ ਨੂੰ ਮੰਨ ਕੇ ਉਨ੍ਹਾਂ ਨੇ ਤੌਬਾ ਕੀਤੀ ਅਰ ਯੂਹੰਨਾ ਨੇ ਉਨ੍ਹਾਂ ਨੂੰ ਯਰਦਨ ਵਿੱਚ ਬਪਤਿਸਮਾ ਦਿੱਤਾ (ਮੱਤੀ 3:5-6)। "ਬਪਤਿਸਮਾ" ਸ਼ਬਦ ਦਾ ਅਰਥ ਹੈ ਕਿ ਉਹ ਪਾਣੀ ਵਿੱਚ ਪੂਰੀ ਤਰਾਂ ਡੁੱਬੇ।

ਤਦ ਯਿਸੂ ਗਲੀਲ ਤੋਂ ਯਰਦਨ ਆਇਆ ਕਿ ਯੂਹੰਨਾ ਕੋਲੋਂ ਬਪਤਿਸਮਾ ਲਵੇ। ਯੂਹੰਨਾ ਨੇ ਉਸਨੂੰ ਇਹ ਆਖ ਕੇ ਰੋਕਣ ਦੀ ਕੋਸ਼ਿਸ਼ ਕੀਤੀ ਕਿ 'ਮੈਨੂੰ ਤੇਰੇ ਕੋਲੋਂ ਬਪਤਿਸਮਾ ਲੈਣ ਦੀ ਲੋੜ ਹੈ ਅਰ ਤੂੰ ਮੇਰੇ ਕੋਲ ਆਇਆ ਹੈਂ?' ਪਰੰਤੂ ਯਿਸੂ ਨੇ ਉਸਨੂੰ ਉੱਤਰ ਦਿੱਤਾ, 'ਅਜਿਹਾ ਹੋਣ ਦੇ ਤਾਂ ਕਿ ਸਾਰੀ ਧਾਰਮਿਕਤਾ ਨੂੰ ਪੂਰਾ ਕੀਤਾ ਜਾਵੇ' ਤਦ ਉਸਨੇ ਹੋਣ ਦਿੱਤਾ (ਮੱਤੀ 3:13-15)।

ਯੂਹੰਨਾ ਦਾ ਉਦੇਸ਼ ਸੀ ਮਸੀਹ ਅਰਥਾਤ ਸੰਸਾਰ ਦੇ ਆਤਮਿਕ ਮੁਕਤੀਦਾਤੇ ਲਈ ਮਾਰਗ ਨੂੰ ਤਿਆਰ ਕਰਨਾ (ਲੂਕਾ 7:27, ਮਲਾਕੀ 3:1)। ਯਿਸੂ ਦੀ ਉੱਚਤਾ ਨੂੰ ਵੇਖਦੇ ਹੋਏ ਯੂਹੰਨਾ ਨੇ ਮਹਿਸੂਸ ਕੀਤਾ ਕਿ ਸਹੀ ਇਹ ਹੋਵੇਗਾ ਕਿ ਯਿਸੂ ਉਸਨੂੰ ਬਪਤਿਸਮਾ ਦੇਵੇ। ਯੂਹੰਨਾ ਲਈ ਯਿਸੂ ਦੀ ਬੇਨਤੀ ਉਸਤੋਂ ਉਲਟ ਸੀ ਜੋ ਅਸਲ ਵਿੱਚ ਹੋਣਾ ਚਾਹੀਦਾ ਸੀ। ਪਰੰਤੂ ਯਿਸੂ ਪ੍ਰਮੇਸ਼ਵਰ ਦੀ ਇੱਛਾ ਨੂੰ ਜਾਣਦਾ ਸੀ। ਉਸਨੂੰ ਪਤਾ ਸੀ ਕਿ ਆਪਣੀ ਸੇਵਕਾਈ ਸ਼ੁਰੂ ਕਰਨ ਤੋਂ ਪਹਿਲਾਂ ਮੇਰਾ ਪਾਣੀ ਵਿੱਚ ਡੁੱਬਣਾ ਜ਼ਰੂਰੀ ਹੈ (ਲੂਕਾ 3:21-23)। ਅਤੇ ਉਸਨੇ ਯੂਹੰਨਾ ਨੂੰ ਕਾਰਨ ਦੱਸਿਆ, ਕਿ 'ਸਾਰੀ ਧਾਰਮਿਕਤਾ ਨੂੰ ਪੂਰਾ ਕਰਨ ਲਈ'। ਸੋ ਯੂਹੰਨਾ ਨੇ ਯਿਸੂ ਨੂੰ ਯਰਦਨ ਵਿੱਚ ਡੋਬੇ ਦਾ ਬਪਤਿਸਮਾ ਦਿੱਤਾ (ਮਰਕੁਸ 1:9-10)। ਪਰੰਤੂ ਅਸਲ ਵਿੱਚ ਪ੍ਰਭੂ ਯਿਸੂ ਉਨ੍ਹਾਂ ਸ਼ਬਦਾਂ ਰਾਹੀਂ ਕੀ ਆਖ ਰਹੇ ਹਨ? ਆਪਣੀ ਸੇਵਕਾਈ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਬਪਤਿਸਮਾ ਲੈ ਕੇ ਯਿਸੂ ਨੇ ਪੂਰੀ ਧਾਰਮਿਕਤਾ ਨੂੰ ਪੂਰਾ ਕਰਨ ਲਈ, ਦੋ ਜ਼ਰੂਰੀ ਕੰਮਾਂ ਨੂੰ ਪੂਰਾ ਕੀਤਾ।

## ਯਿਸੂ ਮਸੀਹ ਨੇ ਪਿਤਾ ਦੀ ਆਗਿਆਕਾਰੀ ਕੀਤੀ

ਜਦੋਂ ਸਮਾਂ ਆ ਪੁੱਜਾ, ਤਾਂ ਪ੍ਰਮੇਸ਼ਵਰ ਨੇ ਨਾ ਸਿਰਫ਼ ਉਨ੍ਹਾਂ ਯਹੂਦੀਆਂ ਨੂੰ ਬਚਾਉਣ ਲਈ ਜਿਹੜੇ ਮੂਸਾ ਦੀ ਸ਼ਰ੍ਹਾ ਅਨੁਸਾਰ ਚੱਲਦੇ ਸਨ ਪਰੰਤੂ ਹਰੇਕ ਮਨੁੱਖ ਨੂੰ ਬਚਾਉਣ ਲਈ ਆਪਣੇ ਪੁੱਤਰ ਨੂੰ ਘੱਲਿਆ (ਯੂਹੰਨਾ 3:16; ਰੋਮੀਆਂ 4:7, 5:2; ਗਲਾਤੀਆਂ 4:4; ਇਬਰਾਨੀਆਂ 2:9-10)। ਪ੍ਰਮੇਸ਼ਵਰ ਦੀ ਯੋਜਨਾ ਅਨੁਸਾਰ ਯਿਸੂ ਨੇ ਪਾਪ ਰਹਿਤ ਕੁਰਬਾਨੀ ਬਣਕੇ ਸੰਸਾਰ ਦੇ ਪਾਪਾਂ ਨੂੰ ਮਿਟਾਉਣਾ ਸੀ (ਮੱਤੀ 5:17; ਯੂਹੰਨਾ 6:38-40; ਗਲਾਤੀਆਂ 1:4; 1 ਪਤਰਸ 2:24; 1 ਯੂਹੰਨਾ 3:5)। ਅਜਿਹਾ ਕਰਨ ਲਈ ਉਸਨੂੰ ਬਿਵਸਥਾ ਅਤੇ ਪ੍ਰਮੇਸ਼ਵਰ ਦੀ ਆਗਿਆਕਾਰੀ ਵਿੱਚ ਸਿੱਧ ਅਤੇ ਪੂਰਾ ਹੋਣਾ ਸੀ (ਇਬਰਾਨੀਆਂ 5:8-9; 1 ਪਤਰਸ 1:18-19)। ਯਿਸੂ ਨੇ ਵੀ ਇਸ ਗੱਲ ਦਾ ਜ਼ਿਕਰ ਕੀਤਾ (ਯੂਹੰਨਾ 4:34, 14:31, 15:10; ਇਬਰਾਨੀਆਂ 10:9)। ਉਸਨੇ ਪ੍ਰਮੇਸ਼ਵਰ ਦੇ ਕੰਮਾਂ ਨੂੰ ਕੀਤਾ (ਯੂਹੰਨਾ 9:4) ਅਤੇ ਆਪਣੇ ਪਿਤਾ ਦੇ ਸ਼ਬਦਾਂ ਨੂੰ ਹੀ ਬੋਲਿਆ (ਯੂਹੰਨਾ 12:48-50)। ਉਹ ਮਰਨ ਲਈ ਵੀ ਆਗਿਆਕਾਰ ਹੋਇਆ (ਫ਼ਿਲਿੱਪੀਆਂ 2:8) ਅਤੇ ਉਸਦੀ ਆਗਿਆਕਾਰੀ, ਉਸਦੇ ਜੀਅ ਉੱਠਣ ਅਰ ਪ੍ਰਮੇਸ਼ਵਰ ਦੀ ਦਯਾ ਨੇ (ਕਰਤੱਬ 1:22; ਰੋਮੀਆਂ 3:24-25, 6:5-11; ਅਫ਼ਸੀਆਂ 2:5-8; 1 ਪਤਰਸ 1:3-4) ਸਭ ਮਨੁੱਖਾਂ ਲਈ ਮੁਕਤੀ ਦਾ ਦਰਵਾਜਾ ਖੋਲ ਦਿੱਤਾ (ਰੋਮੀਆਂ 5:19-21; 2 ਕੁਰਿੰਥੀਆਂ 5:15; ਗਲਾਤੀਆਂ 3:7-8; ਇਬਰਾਨੀਆਂ 5:8-9; ਤੀਤੁਸ 2:11)।

ਯਿਸੂ ਵਫ਼ਾਦਾਰ ਅਤੇ ਪਾਪ ਰਹਿਤ ਸੀ ਅਤੇ ਹੈ (ਇਬਰਾਨੀਆਂ 2:17, 3:2, 4:15; 1 ਪਤਰਸ 2:22)। ਪਾਪ ਰਹਿਤ ਹੋਣ ਕਰਕੇ ਉਸਨੂੰ ਬਪਤਿਸਮੇ ਤੋਂ ਪਹਿਲਾਂ ਆਪਣੇ ਪਾਪ ਮੰਨਣ ਜਾਂ ਤੌਬਾ ਕਰਨ ਦੀ ਲੋੜ ਨਹੀਂ ਸੀ। ਪਰੰਤੂ ਉਸਦਾ ਬਪਤਿਸਮਾ ਜ਼ਰੂਰੀ ਸੀ। ਬਪਤਿਸਮੇ ਦੀ ਜ਼ਰੂਰਤ ਅਸੀਂ ਇਨ੍ਹਾਂ ਗੱਲਾਂ ਤੋਂ ਵੇਖ ਸਕਦੇ ਹਾਂ। ਉਸਨੇ ਆਖਿਆ ਕਿ ਸਾਰੀ ਧਾਰਮਿਕਤਾ ਨੂੰ ਪੂਰਾ ਕਰਨ ਲਈ ਇਸਦੀ ਜ਼ਰੂਰਤ ਹੈ। ਨਾਲ ਹੀ, ਯਿਸੂ ਦੇ ਬਪਤਿਸਮੇ ਤੋਂ ਬਾਦ ਯੂਹੰਨਾ ਇਹ ਗਵਾਹੀ ਦੇ ਸਕਿਆ ਕਿ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ: ਅਗਲੇ ਦਿਨ ਯੂਹੰਨਾ ਨੇ ਯਿਸੂ ਨੂੰ ਆਪਣੇ ਵੱਲ ਆਉਂਦੇ ਵੇਖ ਕੇ ਆਖਿਆ, "ਵੇਖੋ! ਪ੍ਰਮੇਸ਼ਵਰ ਦਾ ਲੇਲਾ ਜਿਹੜਾ ਸੰਸਾਰ ਦਾ ਪਾਪ ਚੁੱਕ ਲੈ ਜਾਂਦਾ ਹੈ! ਇਹ ਓਹੀ ਹੈ ਜਿਸਦੇ ਬਾਰੇ ਮੈਂ ਆਖਦਾ ਸਾਂ ਕਿ ਮੇਰੇ ਮਗਰ ਇੱਕ ਪੁਰਸ਼ ਆਉਂਦਾ ਹੈ ਜੋ ਮੈਥੋਂ ਵੱਡਾ ਹੈ ਕਿਂ ਜੋ ਉਹ ਮੈਥੋਂ ਪਹਿਲਾਂ ਸੀ। ਮੈਂ ਤਾਂ ਉਹ ਨੂੰ ਨਹੀਂ ਜਾਣਦਾ ਸਾਂ ਪਰ ਮੈਂ ਜਲ ਨਾਲ ਬਪਤਿਸਮਾ ਇਸ ਲਈ ਦਿੰਦਾ ਆਇਆ ਭਈ ਉਹ ਇਸਰਾਏਲ ਉੱਤੇ ਪਰਗਟ ਹੋਵੇ" ਯੂਹੰਨਾ ਨੇ ਇਹ ਸਾਖੀ ਦੇ ਕੇ ਆਖਿਆ, "ਮੈਂ ਆਤਮਾ ਨੂੰ ਕਬੂਤਰ ਵਾਂਗ ਅਕਾਸ਼ੋਂ ਉੱਤਰਦੇ ਵੇਖਿਆ ਅਤੇ ਉਹ ਉਸ ਉੱਤੇ ਠਹਿਰਿਆ ਅਰ ਮੈਂ ਉਸਨੂੰ ਨਹੀਂ ਜਾਣਦਾ ਸਾਂ ਪਰ ਜਿਸਨੇ ਮੈਨੂੰ ਜਲ ਨਾਲ ਬਪਤਿਸਮਾ ਦੇਣ ਲਈ ਘੱਲਿਆ ਉਸੇ ਨੇ ਮੈਨੂੰ ਆਖਿਆ ਕਿ ਜਿਹਦੇ ਉੱਤੇ ਤੂੰ ਆਤਮਾ ਆਤਮਾ ਨੂੰ ਉੱਤਰਦਾ ਅਤੇ ਠਹਿਰਦਾ ਵੇਖੇਂ ਇਹ ਓਹੋ ਹੇ ਜੋ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੰਦਾ ਹੈ।ਸੋ ਮੈਂ ਵੇਖਿਆ ਅਤੇ ਸਾਖੀ ਦਿੱਤੀ ਜੋ ਇਹੀ ਪ੍ਰਮੇਸ਼ਵਰ ਦਾ ਪੁੱਤਰ ਹੈ" (ਯੂਹੰਨਾ 1:29-34)।

ਹਾਲਾਂਕਿ, ਯਿਸੂ ਦੇ ਬਪਤਿਸਮੇ ਦਾ ਮਹੱਤਵਪੂਰਨ ਪੱਖ ਸੀ ਜਦੋਂ ਪਵਿੱਤਰ ਆਤਮਾ ਉਸ ਉੱਤੇ ਉੱਤਰਿਆ ਅਤੇ ਪਿਤਾ ਪ੍ਰਮੇਸ਼ਵਰ ਨੇ ਗਵਾਹੀ ਦਿੱਤੀ ਕਿ ਉਹ ਯਿਸੂ ਤੋਂ ਪਰਸੰਨ ਹੈ: 'ਜਾਂ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ ਅਕਾਸ਼ ਉਹ ਦੇ ਲਈ ਖੁੱਲ ਗਿਆ ਅਤੇ ਉਹ ਨੇ ਪ੍ਰਮੇਸ਼ਵਰ ਦਾ ਆਤਮਾ ਕਬੂਤਰ ਵਾਂਙੁ ਉੱਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ', ਅਤੇ ਵੇਖੋ ਇੱਕ ਸੁਰਗੀ ਬਾਣੀ ਆਈ ਕਿ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਸਤੋਂ ਮੈਂ ਪਰਸੰਨ ਹਾਂ" (ਮੱਤੀ 3:16-17; ਮਰਕੁਸ 1:10-11; ਲੂਕਾ 3:21-22)। ਯਿਸੂ ਮਸੀਹ ਨੇ ਆਪਣੀ ਆਗਿਆਕਾਰੀ ਰਾਹੀਂ ਸਾਰੀ ਧਾਰਮਿਕਤਾ ਨੂੰ ਪੂਰਾ ਕੀਤਾ। ਫਿਰ ਵੀ, ਉਸਦੇ ਬਪਤਿਸਮੇ ਵਿੱਚ ਇੱਕ ਹੋਰ ਵੀ ਗੱਲ ਸੀ ਜਿਸਨੇ ਸਾਰੀ ਧਾਰਮਿਕਤਾ ਨੂੰ ਪੂਰਾ ਕੀਤਾ।

## ਯਿਸੂ ਨੇ ਸਾਨੂੰ ਉਦਾਹਰਨ ਦੇ ਦਿੱਤੀ

ਆਪਣੇ ਬਪਤਿਸਮੇ (ਪਾਣੀ ਵਿੱਚ ਡੁੱਬਣ) ਰਾਹੀਂ ਯਿਸੂ ਨੇ ਸਾਨੂੰ ਉਦਾਹਰਨ ਦੇ ਦਿੱਤੀ ਜੋ ਅਸੀਂ ਵੀ ਪੂਰੀ ਕਰਨੀ ਹੈ। ਪਹਿਲੀ ਗੱਲ ਅਸੀਂ ਇਹ ਸਮਝ ਲਈਏ ਕਿ ਯਿਸੂ ਕੇਵਲ ਸੰਸਾਰ ਲਈ ਮਰੇ ਹੀ ਨਹੀਂ ਬਲਕਿ ਮੌਤ ਤੋਂ ਜੀਅ ਵੀ ਉੱਠੇ (ਮੱਤੀ 16:21, 28:5-7; ਕਰਤੱਬ 1:3, 2:23-24, 31-32)। ਜੀਅ ਉੱਠਣ ਤੋਂ ਬਾਦ ਯਿਸੂ ਬਾਪ ਦੇ ਸੱਜੇ ਹੱਥ ਆਪਣੀ ਥਾਂ ਲੈਣ ਲਈ ਸਵਰਗ ਚਲੇ ਗਏ (ਮਰਕੁਸ 16:9; ਯੂਹੰਨਾ 20:17; ਕਰਤੱਬ 2:32-36, 7:55; ਰੋਮੀਆਂ 8:34; ਅਫ਼ਸੀਆਂ 1:20; ਇਬਰਾਨੀਆਂ 8:1, 12:2; 1 ਪਤਰਸ 3:22)। ਸੋ ਯਿਸੂ ਮਰਿਆ, ਜੀਅ ਉੱਠਿਆ ਅਰ ਪ੍ਰਮੇਸ਼ਵਰ ਦੇ ਸੱਜੇ ਹੱਥ ਜਾ ਬੈਠਾ।

ਇਹ ਅਨੰਤ ਜੀਵਨ ਲਈ ਆਤਮਿਕ ਪੁਨਰ-ਉੱਥਾਨ ਦਾ ਆਰੰਭ ਸੀ। ਯਿਸੂ ਮਸੀਹ ਮੁਰਦਿਆਂ ਵਿੱਚੋਂ ਜੇਠਾ ਹੈ (ਕੁਲੁੱਸੀਆਂ 1:18; ਪ੍ਰਕਾਸ਼ ਦੀ ਪੋਥੀ 1:5)। ਉਹ ਜੀਅ ਉੱਠਣ ਵਾਲਿਆਂ ਦਾ ਵੀ ਪਹਿਲਾ ਫਲ ਹੈ (1 ਕੁਰਿੰਥੀਆਂ 15:19-23) ਅਤੇ ਉਹ ਸਾਨੂੰ ਸਭ ਨੂੰ ਅਨੰਤ ਜੀਵਨ ਦਿੰਦਾ ਹੈ (ਕਰਤੱਬ 26:23)। ਰੋਮੀਆਂ 6:3-14 ਅਤੇ 1 ਪਤਰਸ 3:18-21 ਵਿੱਚ ਅਸੀਂ ਉਸਦੀ ਮੌਤ ਅਰ ਜੀਅ ਉੱਠਣ ਅਤੇ ਆਪਣੇ ਪਾਪੀ ਜੀਵਨ ਦੀ ਆਤਮਿਕ ਮੌਤ ਅਤੇ ਆਤਮਿਕ ਪੁਰ-ਉੱਥਾਨ ਵਿੱਚ ਇੱਕ ਸੰਬੰਧ ਨੂੰ ਵੇਖਦੇ ਹਾਂ। ਸਾਡਾ ਪੁਰਾਣਾ ਪਾਪੀ ਮਨੁੱਖ ਪਾਣੀ ਵਿੱਚ ਦਫ਼ਨਾ (ਪਾਣੀ ਵਿੱਚ ਡੋਬਣ ਰਾਹੀਂ) ਦਿੱਤਾ ਜਾਂਦਾ ਹੈ ਅਤੇ ਪ੍ਰਮੇਸ਼ਵਰ ਲਈ ਨਵਾਂ ਜੀਵਨ ਜੀਣ ਸਾਡਾ ਪੁਨਰ-ਉੱਥਾਨ ਹੋ ਜਾਂਦਾ ਹੈ: “ਤੁਸੀਂ ਬਪਤਿਸਮਾ ਵਿੱਚ ਉਹ ਦੇ ਨਾਲ ਦੱਬੇ ਗਏ ਜਿਹ ਦੇ ਵਿੱਚ ਪ੍ਰਮੇਸ਼ਵਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ; ਅਤੇ ਉਸਨੇ ਤੁਹਾਨੂੰ ਜਿਹੜੇ ਆਪਣੇ ਸਰੀਰ ਦੀ ਅਸੁੰਨਤ ਕਾਰਨ ਮਰੇ ਹੋਏ ਸੀ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ” (ਕੁਲੁੱਸੀਆਂ 2:12-13, 3:1-4; ਇਬਰਾਨੀਆਂ 9:14-15, 10:19-25; ਤੀਤੁਸ 2:11-14)।

ਯਿਸੂ ਨੇ ਬਪਤਿਸਮੇ ਦੀ ਉਦਾਹਰਨ ਦਿੱਤੀ ਜਦੋਂ ਉਸਨੇ ਆਖਿਆ ਕਿ ਮਨੁੱਖ ਨੂੰ ਪਾਣੀ ਅਰ ਆਤਮਾ ਰਾਹੀ ਨਵਾਂ ਜਨਮ ਲੈਣਾ ਜ਼ਰੂਰੀ ਹੈ (ਯੂਹੰਨਾ 3:3-5)। ਬਚਾਏ ਜਾਣ ਲਈ, ਸਾਨੂੰ ਪਾਣੀ ਦੇ ਬਪਤਿਸਮੇ ਰਾਹੀਂ ਇੱਕ ਨਵੇਂ ਆਤਮਿਕ ਜੀਵਨ ਵਿੱਚ ਪ੍ਰਵੇਸ਼ ਕਰਨਾ ਪਵੇਗਾ ਅਤੇ ਫਿਰ ਜੀਵਨ ਵਿੱਚ ਸਾਡੇ ਨਾਲ ਰਹਿਣ ਲਈ ਸਾਨੂੰ ਪਵਿੱਤਰ ਆਤਮਾ ਮਿਲਦਾ ਹੈ (ਕਰਤੱਬ 2:38; 1 ਕੁਰਿੰਥੀਆਂ 6:19)। ਬਪਤਿਸਮਾ ਯਿਸੂ ਦੀ ਮੌਤ, ਦਫ਼ਨਾਉਣ ਅਤੇ ਜੀਅ ਉੱਠਣ ਦਾ ਚਿੰਨ੍ਹ ਹੈ।

ਅਸੀਂ ਉਸਦੀ ਸਰੀਰਕ ਅਤੇ ਸਰਵਜਨਕ ਸੇਵਕਾਈ ਨੂੰ ਇਸ ਢੰਗ ਨਾਲ ਵੀ ਵੇਖ ਸਕਦੇ ਹਾਂ: ਇਹ ਬਪਤਿਸਮੇ ਦੁਆਰਾ ਉਸਦੇ ਮਾਰੇ ਜਾਣ, ਦਫ਼ਨਾਏ ਜਾਣ ਅਤੇ ਜੀਅ ਉੱਠਣ ਰਾਹੀਂ ਸ਼ੁਰੂ ਹੋਈ ਅਤੇ ਉਸਦੀ ਅਸਲ ਮੌਤ, ਦਫ਼ਨਾਏ ਜਾਣ ਅਤੇ ਜੀਅ ਉੱਠਣ ਰਾਹੀ ਖਤਮ ਹੁੰਦੀ ਹੈ। ਫਿਰ ਉਹ ਸੁਰਗ ਵਿੱਚ ਉਠਾ ਲਿਆ ਗਿਆ। ਉਹ ਸਾਡੇ ਅੱਗੇ ਚੱਲ ਕੇ ਸਵਰਗ ਦਾ ਰਾਹ ਸਾਨੂੰ ਵਿਖਾਉਂਦਾ ਹੈ (ਇਬਰਾਨੀਆਂ 6:20), ਅਤੇ ਉਸਨੇ ਸਵਰਗ ਦਾ ਰਾਸਤਾ ਸਾਨੂੰ ਸਮਰਪਿਤ ਕਰ ਦਿੱਤਾ (ਇਬਰਾਨੀਆਂ 10:19-20)।ਓਹੀ ਸਾਡੇ ਵਿਸ਼ਵਾਸ ਅਤੇ ਅਨੰਤ ਛੁਟਕਾਰੇ ਦਾ ਕਰਤਾ ਹੈ (ਇਬਰਾਨੀਆਂ 5:9, 12:2)।

ਜੇਕਰ ਅਸੀਂ ਮੁਕਤੀ ਚਾਹੁੰਦੇ ਹਾਂ ਤਾਂ ਸਾਨੂੰ ਇਹੀ ਮਾਰਗ ਅਪਨਾਉਣਾ ਪਵੇਗਾ। ਸਾਨੂੰ ਯਿਸੂ ਦੀ ਉਦਾਹਰਨ ਨੂੰ ਅਨੁਸਾਰ ਚੱਲਣਾ ਪਵੇਗਾ। ਯਿਸੂ ਮਸੀਹ ਪਾਪ ਰਹਿਤ ਸੀ ਇਸ ਲਈ ਉਸਨੂੰ ਆਪਣੇ ਪਾਪਾਂ ਦਾ ਇਕਰਾਰ ਅਰ ਤੌਬਾ ਕਰਨ ਦੀ ਲੋੜ ਨਹੀਂ ਸੀ। ਉਸਨੂੰ ਕੇਵਲ ਧਾਰਮਿਕਤਾ ਨੂੰ ਪੂਰਾ ਕਰਨ ਲਈ ਬਪਤਿਸਮਾ ਲਿਆ। ਹਾਲਾਂਕਿ, ਸਾਨੂੰ ਇਹ ਮੰਨਣਾ ਪਵੇਗਾ (ਯੂਹੰਨਾ 1:12, 8:24; ਕਰਤੱਬ 16:31; 1 ਕੁਰਿੰਥੀਆਂ 1:21; ਗਲਾਤੀਆਂ 3:22; ਇਬਰਾਨੀਆਂ 10:39, 11:6)। ਸਾਨੂੰ ਆਪਣੇ ਪਾਪਾਂ ਤੋਂ ਤੌਬਾ ਕਰਨੀ ਪਵੇਗੀ (ਲੂਕਾ 13:5; 2 ਕੁਰਿੰਥੀਆਂ 7:10; 2 ਪਤਰਸ 3:9)। ਸਾਨੂੰ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨਾ ਪਵੇਗਾ (ਮੱਤੀ 10:32; ਰੋਮੀਆਂ 10:9-10)। ਅਤੇ ਜਿਵੇਂ ਯਿਸੂ ਨੇ ਬਪਤਿਸਮਾ ਲਿਆ (ਪਾਣੀ ਵਿੱਚ ਡੁੱਬ ਕੇ) ਸਾਨੂੰ ਵੀ ਓਵੇਂ ਹੀ ਬਪਤਿਸਮਾ ਲੈਣਾ ਪਵੇਗਾ (ਮੱਤੀ 28:18-20; ਮਰਕੁਸ 16:16; ਕਰਤੱਬ 2:38-42, 8:12, 10:48, 16:33, 22:16; ਰੋਮੀਆਂ 6:33; 1 ਕੁਰਿੰਥੀਆਂ 12:13; ਗਲਾਤੀਆਂ 3:26-29)। ਬਪਤਿਸਮੇ ਤੋਂ ਬਾਦ ਪੁਨਰ-ਉੱਥਾਨ ਅਰ ਮਸੀਹ ਨਾਲ ਸੁਰਗ ਜਾਣ ਲਈ ਤਿਆਰੀ ਕਰਦੇ ਹੋਏ ਸਾਨੂੰ ਇੱਕ ਧਰਮੀ ਜੀਵਨ ਜੀਣਾ ਜ਼ਰੂਰੀ ਹੈ (ਯੂਹੰਨਾ 5:28-29; 1 ਕੁਰਿੰਥੀਆਂ 15:42-58; ਗਲਾਤੀਆਂ 5:5; ਫ਼ਿਲਿੱਪੀਆਂ 1:20, 3:9-21; ਕੁਲੁੱਸੀਆਂ 1:5, 27; 1 ਥੱਸਲੁਨੀਕੀਆਂ 4:13-18; ਇਬਰਾਨੀਆਂ 3:6)।

ਆਪਣੀ ਸੇਵਕਾਈ ਦੇ ਅਰੰਭ ਵਿੱਚ ਹੀ ਸਾਰੀ ਧਾਰਮਿਕਤਾ ਨੂੰ ਪੂਰਾ ਕਰਨ ਲਈ ਯਿਸੂ ਨੇ ਬਪਤਿਸਮਾ ਲਿਆ।

ਅਜਿਹਾ ਕਰਨ ਦੁਆਰਾ ਉਸਨੇ ਆਪਣੇ ਪਿਤਾ ਪ੍ਰਮੇਸ਼ਵਰ ਦੀ ਮਰਜ਼ੀ ਨੂੰ ਪੂਰਾ ਕੀਤਾ ਅਤੇ ਸਾਨੂੰ ਉਦਾਹਰਨ ਦਿੱਤੀ। ਧਰਤੀ ਉੱਪਰ ਆਪਣੀ ਸੇਵਕਾਈ ਦੇ ਅੰਤ ਤੀਕ ਉਸਨੇ ਸਾਰੀ ਧਾਰਮਿਕਤਾ ਨੂੰ ਪੂਰਾ ਕੀਤਾ। ਜੇਕਰ ਸਾਡੇ ਲਈ ਕੀਤੇ ਯਿਸੂ ਦੇ ਬਲੀਦਾਨ ਦਾ ਪੂਰਾ ਲਾਭ ਅਸੀਂ ਲੈਣਾ ਚਾਹੁੰਦੇ ਹਾਂ ਤਾਂ ਸਾਨੂੰ ਉਸਦੀ ਉਦਾਹਰਨ ਅਨੁਸਾਰ ਚੱਲਣਾ ਪਵੇਗਾ (1 ਪਤਰਸ 1:14)।

“ਹਰੇਕ ਜੋ ਮੈਨੂੰ 'ਪ੍ਰਭੂ, ਪ੍ਰਭੂ' ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਨਹੀਂ ਵੜੇਗਾ, ਬਲਕਿ ਓਹੋ ਜਿਹੜਾ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ” (ਮੱਤੀ 7:21)।

“ਸੋ ਜੇ ਤੁਸੀਂ ਮਸੀਹ ਦੇ ਨਾਲ ਜਿਵਾਏ ਗਏ ਤਾਂ ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪ੍ਰਮੇਸ਼ਵਰ ਦੇ ਸੱਜੇ ਹੱਥ ਬੈਠਾ ਹੈ” (ਕੁਲੁੱਸੀਆਂ 3:1)


**ਆਮਦਨ ਕਰ ਵਿੱਚ ਛੋਟ ਵਾਲੇ ਦਾਨ**

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| **Account Name** | : | **Echo of His Call Educational Trust** |
| **Account Number** | : | **1023 2923 805** |
| **Bank Name** | : | **State Bank of India** |
| **Branch** | : | **Triplicane, Chennai 600 005.** |
| **IFSC Code** | : | **SBIN 0000249** |



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਪ੍ਰਭੂ ਯਿਸੂ ਮਸੀਹ ਬੋਲਦਾ ਹੈ!

ਇਹ ਸੰਨ 1982 ਦੀ ਗੱਲ ਹੈ! ਪ੍ਰਮੇਸ਼ਵਰ ਦੀ ਕਿਰਪਾ ਕਦੇ ਨਹੀਂ ਬਦਲਦੀ!! ਉਸਦੀ ਬੁਲਾਹਟ ਵੀ ਕਦੇ ਨਹੀਂ ਬਦਲਦੀ!!! "ਕਿਉਂ ਜੋ ਪ੍ਰਮੇਸ਼ਵਰ ਦੀਆਂ ਦਾਤਾਂ ਅਤੇ ਸੱਦਾ ਅਟੱਲ ਹਨ" (ਰੋਮੀਆਂ 11:29)। ਪਰੰਤੂ ਸਥਿਤੀ ਉੱਥਲ ਪੁੱਥਲ ਵਾਲੀ ਸੀ। ਕੋਈ ਵੀ ਮਦਦ ਦੀ ਥਾਂ ਨਹੀਂ ਸੀ। ਕੋਈ ਸਹਾਇਤਾ ਕਰਨ ਵਾਲਾ ਨਹੀਂ ਸੀ। ਸੇਵਕਾਈ ਦਾ ਵਿਰੋਧ ਹੋ ਰਿਹਾ ਸੀ। ਸਭ ਨੇ ਛੱਡ ਦਿੱਤਾ ਸੀ ਤੇ ਦਬਾਅ ਬਹੁਤ ਸੀ। ਆਰਥਿਤ ਸਥਿਤੀ ਵੀ ਬੜੀ ਖਰਾਬ ਸੀ। ਮਦਦਗਾਰਾਂ ਦਾ ਅਭਾਵ ਸੀ ਅਤੇ ਮੇਰੀ ਸੁਣਨ ਵਾਲਾ ਵੀ ਕੋਈ ਨਹੀਂ ਸੀ। ਦੀਵਾਰਾਂ ਵੀ ਆਖ ਰਹੀਆਂ ਸਨ: "ਧਰਮ ਪਰਿਵਰਤਨ ਕਰਨ ਵਾਲਾ ਵਿਅਕਤੀ! ਲੋਕੋ ਸਾਵਧਾਨ!!"

ਮੈਂ ਨੁਕਸਾਨ ਝੱਲ ਰਿਹਾ ਸੀ, ਕੋਈ ਰਾਹ ਨਹੀਂ ਸੀ ਦਿਸਦਾ ਅਤੇ ਪਤਾ ਨਹੀਂ ਸੀ ਚੱਲ ਰਿਹਾ ਕਿ ਕੀ ਕਰਾਂ। ਨਿਰਾਸ਼ਾ ਭਰੇ ਸ਼ਬਦ ਮੇਰੇ ਕੋਲ ਆਏ, "ਇਸ ਥਾਂ ਨੂੰ ਛੱਡ ਦੇ, ਜਿੱਥੇ ਤੇਰਾ ਵਿਰੋਧ ਹੋ ਰਿਹਾ ਹੈ ਅਤੇ ਸ਼ਹਿਰ ਤੋਂ 25 ਕਿ:ਮੀ: ਦੂਰ ਇੱਕ ਥਾਂ ਤੇ ਚਲਾ ਜਾ; ਸਮਾਂ ਬਰਬਾਦ ਨਾ ਕਰ"। ਵਿਰੋਧ ਅਰ ਅਜਿਹੀਆਂ ਸਲਾਹਾਂ ਲਗਾਤਾਰ ਆ ਰਹੀਆਂ ਸਨ। ਇਸ ਲਈ ਮੈਨੂੰ ਨਿਰਣਾ ਲੈਣਾ ਪਿਆ।

ਇੱਕ ਰਾਤ ਮੈਂ ਬਹੁਤ ਪਰੇਸ਼ਾਨ ਸੀ ਅਰ ਨੀਂਦ ਨਹੀਂ ਸੀ ਆ ਰਹੀ। ਕੋਈ ਮੈਨੂੰ ਸਲਾਹ ਦੇਣ ਵਾਲਾ ਵੀ ਨਹੀਂ ਸੀ। ਜੋ ਲੋਕ ਆਸ ਪਾਸ ਸਨ ਉਹ ਮੈਥੋਂ ਉਲਟ ਸੋਚਦੇ ਸਨ। ਮੈਂ ਅਜਿਹੇ ਲੋਕਾਂ ਨਾਲ ਘਿਰਿਆ ਹੋਇਆ ਸੀ ਜੋ ਮੇਰੀ ਸੁਣਨ ਲਈ ਅਰ ਮੈਨੂੰ ਕੋਈ ਸਾਰਥਕ ਜਵਾਬ ਦੇਣ ਲਈ ਤਿਆਰ ਨਹੀਂ ਸਨ। ਇਸ ਲਈ ਮੈਂ ਸਵੇਰੇ 4 ਵਜੇ ਤੋਂ ਗੋਡਿਆਂ ਉੱਪਰ ਬੈਠ ਗਿਆ।

ਭਾਵੇਂ ਮੈਂ ਤੜਕੇ ਤੋਂ ਗੋਡਿਆਂ ਤੇ ਬੈਠਾ ਹੋਇਆ ਸੀ ਪਰੰਤੂ ਵੱਡੀ ਪਰੇਸ਼ਾਨੀ ਕਾਰਨ ਕੋਈ ਵੀ ਸ਼ਬਦ ਮੇਰੇ ਮੂੰਹ ਵਿੱਚੋਂ ਨਾ ਨਿਕਲਿਆ। ਪਰੰਤੂ ਮੇਰਾ ਮਨ ਪ੍ਰਭੂ ਯਿਸੂ ਨਾਲ ਲੱਗਾ ਹੋਇਆ ਸੀ। ਮੈਂ ਇਹ ਮਹਿਸੂਸ ਕਰ ਰਿਹਾ ਸੀ ਕਿ ਮੇਰੀ ਅਵਾਜ਼ ਸਵਰਗ ਤੱਕ ਪਹੁੰਚ ਰਹੀ ਸੀ ਅਰ ਪ੍ਰਭੂ ਨੇ ਮੇਰੀ ਬੇਨਤੀ ਨੂੰ ਸੁਣਕੇ ਮੁਸਕੁਰਾਉਂਦੇ ਹੋਏ ਕੰਮ ਸ਼ੁਰੂ ਕਰ ਦਿੱਤਾ ਸੀ।

ਮੈਂ ਹੈਰਾਨ ਸੀ ਕਿ ਕਿੰਨਾਂ ਸਮਾਂ ਬੀਤ ਚੁੱਕਾ ਸੀ। ਮੈਨੂੰ ਰੋਟੀ ਅਰ ਪਾਣੀ ਦੀ ਕੋਈ ਲੋੜ ਨਾ ਪਈ। ਪਰੰਤੂ ਉਸੇ ਸ਼ਾਮ 5 ਵਜੇ ਮੇਰੇ ਇੱਕ ਮਿੱਤਰ ਅਤੇ ਬੁਲਾਵੇ ਦੀ ਗੂੰਜ ਦੇ ਸਾਡੇ ਅੰਗ੍ਰੇਜ਼ੀ ਦੇ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਮੇਰੇ ਕੋਲ ਆਏ। ਉਸ ਵੇਲੇ ਮੈਂ ਆਪਣੇ ਗੋਡਿਆਂ ਉੱਪਰ ਹੀ ਸੀ, ਉਨ੍ਹਾਂ ਦੀ ਅਵਾਜ਼ ਸੁਣਕੇ ਮੈਂ ਬਾਹਰ ਆਇਆ।

ਭਾਵੇਂ ਮੈਂ ਸਰੀਰਕ ਅਰ ਮਨ ਵਿੱਚ ਕਮਜ਼ੋਰ ਸੀ ਪਰੰਤੂ ਮੇਰਾ ਚੇਹਰਾ ਚਮਕ ਰਿਹਾ ਸੀ। ਮੇਰਾ ਚਮਕਦਾ ਹੋਇਆ ਚੇਹਰਾ ਵੇਖ ਕੇ ਉਨ੍ਹਾਂ ਨੇ ਆਖਿਆ, "ਭਰਾ ਜੀ ਤੁਸੀਂ ਕਿੰਨੇ ਤਰੋ-ਤਾਜ਼ਾ ਲੱਗ ਰਹੇ ਹੋ?! ਕੀ ਕੋਈ ਚੰਗੀ ਖ਼ਬਰ ਹੈ"? ਮੈਂ ਦੱਸਿਆ ਕਿ ਮੈਂ ਸਵੇਰੇ 4 ਵਜੇ ਤੋਂ ਗੋਡਿਆਂ ਭਾਰ ਬੈਠਾ ਦੁਆ ਕਰ ਰਿਹਾ ਹਾਂ ਕਿਉਂਕਿ ਇੱਕ ਸਮੱਸਿਆ ਨੇ ਮੈਨੂੰ ਘੇਰਿਆ ਹੋਇਆ ਹੈ। ਉਸ ਸਮੱਸਿਆ ਕਰਕੇ ਸ਼ਬਦ ਤਾਂ ਮੇਰੇ ਮੂੰਹੋਂ ਨਹੀਂ ਨਿਕਲ ਰਹੇ ਪਰੰਤੂ ਮੈਂ ਮਨ ਵਿੱਚ ਹੀ ਪ੍ਰਾਰਥਨਾ ਕਰ ਰਿਹਾ ਹਾਂ।

ਗੱਲਬਾਤ ਕਰਦੇ ਹੋਏ ਉਨ੍ਹਾਂ ਇੱਕਦਮ ਮੈਨੂੰ ਕਿਹਾ, "ਭਰਾ ਜੀ ਸਾਡਾ ਪ੍ਰਭੂ ਤੁਹਾਡੇ ਨਾਲ ਕਿੰਨਾ ਭਲਾ ਹੈ! ਅਸੀਂ ਦੋਨੋਂ ਪਿੰਡ ਦੇ ਇੱਕੋ ਸਕੂਲ ਵਿੱਚ ਪੜ੍ਹੇ ਪਰੰਤੂ ਪ੍ਰਭੂ ਤੁਹਾਨੂੰ ਚੇਪੌਕ ਵਿੱਚ ਰਾਜ ਦੇ ਮੁੱਖ ਸ਼ਹਿਰ ਵਿੱਚ ਲੈ ਆਇਆ ਹੈ। ਉਹ ਤੁਹਾਨੂੰ ਇੱਥੇ ਲਿਆਇਆ ਹੈ ਤਾਂ ਕਿ ਤੁਸੀਂ ਅਪਹੁੰਚੇ ਲੋਕਾਂ ਅਤੇ ਮੁਸ਼ਕਿਲ ਇਲਾਕਿਆਂ ਵਿੱਚ ਪ੍ਰਮੇਸ਼ਵਰ ਦਾ ਕਲਾਮ ਸੁਣਾਓ। ਇਹ ਕਿੰਨੀ ਅਦਭੁੱਤ ਗੱਲ ਹੈ!? ਯਸਾਯਾਹ 2:3 ਅਰ ਮੀਕਾਹ 4:2 ਵਿੱਚ ਲਿਖਿਆ ਹੈ, "...ਕਿਉਂ ਜੋ ਬਿਵਸਥਾ ਸੀਯੋਨ ਤੋਂ ਨਿਕਲੇਗੀ ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ"। ਇਸ ਲਈ ਪ੍ਰਮੇਸ਼ਵਰ ਇਸ ਜਗ੍ਹਾ ਵਿੱਚ ਅਰ ਇੱਥੋਂ ਪੂਰੇ ਦੇਸ਼ ਵਿੱਚ ਤੁਹਾਡੇ ਦੁਆਰਾ ਜੀਵਨ ਦਾ ਚਾਨਣ ਵਿਖਾਵੇਗਾ।ਪ੍ਰਮੇਸ਼ਵਰ ਅਦਭੁੱਤ ਢੰਗ ਨਾਲ ਆਪਣੇ ਬੱਚੇ ਨੂੰ ਮੇਰੇ ਕੋਲ ਲਿਆਇਆ ਅਰ ਉਸ ਰਾਹੀਂ ਮੈਨੂੰ ਮੇਰੀ ਪ੍ਰਾਰਥਨਾ ਦਾ ਉੱਤਰ ਦਿੱਤਾ।

ਪ੍ਰਮੇਸ਼ਵਰ ਦੇ ਪਿਆਰੇ ਬੱਚਿਓ, ਕੀ ਤੁਸੀਂ ਕਿਸੇ ਮੁਸ਼ਕਿਲ ਵਿੱਚੋਂ ਲੰਘ ਰਹੇ ਹੋ? ਨਿਰਾਸ਼ ਨਾ ਹੋਵੋ! ਉਜਾੜ ਵਿੱਚ ਵੀ ਪ੍ਰਮੇਸ਼ਵਰ ਨੇ ਹਾਜਿਰਾ ਦੀ ਤਕਲੀਫ਼ ਨੂੰ ਵੇਖਿਆ: "ਤਾਂ ਪ੍ਰਮੇਸ਼ਵਰ ਨੇ ਮੁੰਡੇ ਦੀ ਅਵਾਜ਼ ਸੁਣ ਲਈ ਅਰ ਪ੍ਰਮੇਸ਼ਵਰ ਦੇ ਦੂਤ ਨੇ ਅਕਾਸ਼ ਤੋਂ ਹਾਜਿਰਾ ਨੂੰ ਪੁਕਾਰ ਕੇ ਆਖਿਆ, ਹਾਜਿਰਾ ਤੈਨੂੰ ਕੀ ਹੋਇਆ? ਨਾ ਡਰ, ਕਿਉਂਕਿ ਪ੍ਰਮੇਸ਼ਵਰ ਨੇ ਮੁੰਡੇ ਦੀ ਅਵਾਜ਼ ਜਿੱਥੇ ਉਹ ਪਿਆ ਹੈ ਉੱਥੋਂ ਸੁਣ ਲਈ ਹੈ" (ਉਤਪਤ 21:17)। ਪ੍ਰਾਰਥਨਾ ਵਿੱਚ ਲਗਾਤਾਰ ਲੱਗੇ ਰਹੋ, ਪ੍ਰਮੇਸ਼ਵਰ ਤੁਹਾਡੇ ਜੀਵਨ ਵਿੱਚ ਭਲਾਈ ਕਰੇਗਾ! "ਕਿਉਂ ਜੋ ਸਚਮੁਚ ਆਖਰ ਹੈ ਅਰ ਤੇਰੀ ਆਸ ਨਾ ਟੁੱਟੇਗੀ" (ਕਹਾਉਤਾਂ 23:18)।

### ਇੱਕ ਪਿਆਰ ਭਰੀ ਬੇਨਤੀ

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਅਸੀਂ ਆਪਣੀਆਂ ਕਈ ਲੋੜਾਂ, ਜਿਵੇਂ ਸਟਾਫ਼ ਦੀ ਤਨਖਾਹ ਦੇਣ, ਪੇਪਰ ਖਰੀਦਣ ਅਰ ਅਵਾਜਾਈ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਠਿਨਾਈ ਦਾ ਸਾਹਮਣਾ ਕਰ ਰਹੇ ਹਾਂ। ਆਮ ਤੌਰ ਤੇ ਅਸੀਂ ਕਦੇ ਕਿਸੇ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਆਖਦੇ। ਪਰੰਤੂ ਅਸੀਂ ਉਨ੍ਹਾਂ ਅੱਗੇ, ਜੋ ਸੱਚਮੁਚ ਇਸ ਸੇਵਕਾਈ ਨੂੰ ਪਿਆਰ ਕਰਦੇ ਹਨ, ਬੇਨਤੀ ਕਰਦੇ ਹਾਂ ਕਿ ਉਹ ਆਪਣੇ ਨਜ਼ਰਾਨੇ/ ਭੇਟਾਂ ਮਨੀ ਆਡਰ, ਚੈੱਕ ਜਾਂ ਡਿਮਾਂਡ ਡ੍ਰਾਫ਼ਟ, Phone Pay, NEFT ਜਾਂ ਕਿਸੇ ਹੋਰ ਢੰਗ ਨਾਲ ਇਸ ਸੇਵਕਾਈ ਦੀ ਮਦਦ ਲਈ ਭੇਜਣ। ਪ੍ਰਮੇਸ਼ਵਰ ਤੁਹਾਨੂੰ ਜ਼ਰੂਰ ਬਰਕਤ ਦੇਵੇਗਾ! ਵਧੇਰੇ ਜਾਣਕਾਰੀ ਲਈ ਫੋਨ ਕਰੋ: 98412 71858

-ਸੰਪਾਦਕ, ਬੁਲਾਵੇ ਦੀ ਗੂੰਜ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.

## ECHO OF HIS CALL

10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 95661 31858 / 98410 71852
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com

**YOU CAN SEND YOUR DONATIONS ON ONLINE ALSO**

## PLEASE PRAY FOR OUR MINISTRIES AT THE HEADQUARTERS

1. Prayer Service : 24 hours
2. **BIBLECOR -** Bible Correspondence Courses : English, Tamil & Hindi
3. **ECHO OF HIS CALL** - Monthly Magazines : English, Tamil, Malayalam, Telugu, Hindi, Kannada, Marathi, Gujarati, Bengali, Odiya, Nepali, Assamese, Punjabi, Urdu, Sinhala & Afrikaans.
4. Nehemiah Bible Colleges (Two Centres)
5. Theological Correspondence Courses: English & Tamil
6. Great Commission Partners (Network of Pastors)
7. Training Programmes
8. Crusades
9. Literature Distribution and Follow Up
10. Gospel Printing Press - Publications
11. St. Paul's Matriculation School - Village English High School
12. Sunday Schools : 8.30 a.m. & 4.00 p.m. Sunday
13. **Tamil Services : 5.30 a.m. , 7.00 a.m. & 10.00 a.m. Sunday**
14. **Malayalam Service : 2.00 p.m. Sunday**
15. **Telugu Service : 4.00 p.m. Sunday**
16. **Hindi Service : 5.00 p.m. Sunday**
17. **English & Tamil Service : 6.00 p.m. Sunday**
18. Pastors' Counselling : 4.00 p.m. Sunday
19. Women's Prayer : 5.30 p.m. Wednesday
20. Mid-week Bible study : 6.30 p.m. Wednesday
21. Men's Prayer : 7.00 p.m. Friday
22. Workers' Meeting : 6.00 p.m. Saturday
23. House Meetings : 6.30 p.m. Monday & Tuesday
24. Special Holy Communion : 5.30 a.m. 1st day of each month
25. Ministers Review Meeting : 5.30 p.m. First Saturday
26. Parents' Prayer : 4.00 p.m. First Sunday
27. Night Prayer : 9.30 p.m. Second Friday
28. Fasting Prayer : 9:30 a.m. Third Saturday
29. Holy Communion : Second Sunday Services
30. Morning Devotion : 5.30 a.m. daily
31. Staff Devotion : 9.00 a.m. daily
32. Office : 9.00 a.m. to 9.00 p.m. (except Sundays)

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel" on 20th FEBRUARY 2021**

**If un-delivered please return to:**

**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

*JESUS LOVES YOU!*

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**